BEST DEAL TRAVEL INC.
LICENSE # BCCP 79578
SPECIAL FARE TO INDIA
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



# ਪੰਜਾਬ ਗਾਰਡੀਅਨ ਐਬਟਸਫੋਰਡ

PUNJAB GUARDIAN

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Otttawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood

Tel: 604-590-5200 Fax:604-596-5700 Toll Free: 1-877-584-5200 Vol. 30, Issue No. 48, Ending Date:Dec 01, 2023



IDEAL UPFITTERS ...It's arranged.
BC based Truck and Van Up fitting Company
We provide quality Vans & Specialty Vehicles upfitting that provides custom specialty vehicle upfit services to a wide variety of trades and industries.
* ਸ਼ੈਲਫਾਂ * ਵਾਲ ਲਾਈਨਿੰਗ ਕਿੱਟ & ਫਲੋਰ * ਸੇਫਟੀ ਪਾਰਟੀਸ਼ਨ * ਡਰਾਅਰ ਸਿਸਟਮ * ਲੈਡਰ ਰੈਕਸ * ਵਰਕ ਬੈਂਚ
* ਲਾਈਟਿੰਗ * ਕੰਪਰੈਸਰਜ * ਪਾਵਰ ਇਨਵਰਟਰ * ਸੀਟ ਕਵਰ * ਅਸੈਸਰੀ * ਕਸਟਮ ਕੈਬਨਿਟਸ
WWW.IDEALUPFITTERS.COM info@idealupfitters.com
MONDAY TO FRIDAY 9am-5pm SATURDAY By appointments only SUNDAY CLOSED
PH:604-599-0096 #7-12468-82Ave Surrey, BC, V3W 3E9


# ਐਬਸਫੋਰਡ ਨਿਵਾਸੀ ਜਗਮਨਦੀਪ ਸਿੰਘ ਦੇ ਦਾਅਵਿਆਂ ਦੀ ਚਾਰੇ ਪਾਸੇ ਚਰਚਾ

## ਭਾਰਤ ਦੇ ਖੇਤੀ ਮੰਤਰੀ ਤੋਮਰ ਦੇ ਪੁੱਤਰ ਵੱਲੋਂ ਕਰੋੜਾਂ ਦੇ ਲੈਣ ਦੇਣ ਦੀਆਂ ਵਾਇਰਲ ਵੀਡੀਓਜ਼ ਨਾਲ ਉੱਠਿਆ ਸਿਆਸੀ ਤੂਫਾਨ

## ਸਿਰਸਾ ਦਾ ਨਾਮ ਵੀ ਆਇਆ ਅੱਗੇ? ਇੱਕ ਐਲ ਐਮ ਆਈ ਵੇਚਣ ਦੇ ਕੇਸ ਨੇ ਕਹਾਣੀ ਨੂੰ ਕਿਵੇਂ ਦਿੱਤਾ ਮੋੜ?



ਐਬਸਫੋਰਡ (ਸੁਖਵਿੰਦਰ ਸਿੰਘ ਚੋਹਲਾ)-ਭਾਰਤ ਵਿਚ ਛਤੀਸਗੜ,ਤਿਲੰਗਾਨਾ, ਮੱਧ ਪ੍ਰਦੇਸ਼ ਤੇ ਰਾਜਸਥਾਨ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੌਰਾਨ ਜਿਥੇ ਭਾਜਪਾ ਤੇ ਕਾਂਗਰਸ ਵਿਚਾਲੇ 2024 ਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਲੜਾਈ ਲੜੀ ਜਾ ਰਹੀ ਹੈ, ਉਥੇ ਪਹਿਲੀ ਵਾਰ ਭ੍ਰਿਸ਼ਟਾਚਾਰ ਤੇ ਪਰਿਵਾਰਵਾਦ ਖਿਲਾਫ ਕਾਂਗਰਸ ਨੂੰ ਨਿਸ਼ਾਨਾ ਬਣਾਉਣ ਵਾਲੀ ਪਾਰਟੀ ਭਾਜਪਾ ਆਪਣੇ ਮੰਤਰੀਆਂ ਤੇ ਨੇਤਾਵਾਂ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਲਈ ਸਵਾਲਾਂ ਵਿਚ ਘਿਰੀ ਹੈ। ਪ੍ਰਧਾਨ ਮੰਤਰੀ ਮੋਦੀ ਜਿਹਨਾਂ ਦਾ ਇਹ ਨਾਅਰਾ ਰਿਹਾ ਹੈ ਨਾ ਖਾਊਂਗਾ ਨਾ ਕਿਸੀ ਕੋ ਖਾਨੇ ਦੂੰਗਾ ਨੂੰ ਲੈਕੇ ਵਿਰੋਧੀ ਪਾਰਟੀਆਂ ਉਹਨਾਂ ਨੂੰ ਹੀ ਸਵਾਲ ਕਰ ਰਹੀਆਂ ਹਨ।

ਇਸ ਦੌਰਾਨ ਕਿਸਾਨ ਅੰਦੋਲਨ ਦੇ ਸਮੇਂ ਚਰਚਾ ਵਿਚ ਰਹਿਣ ਵਾਲੇ ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਦੇ ਪੁੱਤਰ ਦਵਿੰਦਰ ਤੋਮਰ ਉਤੇ ਹਵਾਲਾ ਜ਼ਰੀਏ 500 ਕਰੋੜ ਰੁਪਏ ਦੇ ਲੈਣ ਦੇਣ ਦੀ ਗੱਲਬਾਤ ਦੀਆਂ ਦੋ ਵੀਡੀਓ ਵਾਇਰਲ ਹੋਣ ਨਾਲ ਭਾਰਤੀ ਸਿਆਸਤ ਵਿਚ ਵੱਡਾ ਤੂਫਾਨ ਉਠ ਖੜਾ ਹੋਇਆ ਹੈ। ਕਾਂਗਰਸ ਤੇ ਹੋਰ ਸਿਆਸੀ ਧਿਰਾਂ ਭਾਜਪਾ ਅਤੇ ਪ੍ਰਧਾਨ ਮੰਤਰੀ ਉਪਰ ਤਿੱਖੇ ਵਾਰ ਕਰ ਰਹੀਆਂ ਹਨ । ਉਹ ਸਵਾਲ ਕਰ ਰਹੇ ਹਨ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਖਿਲਾਫ ਕਿਸੇ ਨਿੱਕੀ ਜਿਹੀ ਵੀਡੀਓ ਨੂੰ ਆਧਾਰ ਬਣਾਕੇ ਜੇ ਕਾਰਵਾਈ ਕੀਤੀ ਜਾ ਸਕਦੀ ਹੈ ਤਾਂ ਹੁਣ ਭਾਜਪਾ ਮੰਤਰੀ ਖਿਲਾਫ ਇਹ ਕਾਰਵਾਈ ਕਿਉਂ ਨਹੀਂ। ਭਾਜਪਾ ਹਾਈਕਮਾਨ ਨੇ ਭਾਵੇਂ ਇਹਨਾਂ ਦੋਸ਼ਾਂ ਦਾ ਕੋਈ ਜਵਾਬ ਨਹੀ ਦਿੱਤਾ ਪਰ ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਜਿਹਨਾਂ ਨੇ ਆਪਣੇ ਲੋਕ ਸਭਾ ਹਲਕੇ

(ਬਾਕੀ ਸਫਾ ਬੀ-08 ਤੇ)

## ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਵੱਲੋਂ ਸੂਚਨਾ

25 ਨਵੰਬਰ ਦਿਨ ਸ਼ਨਿਚਰਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ 25 ਸਿੰਘਾਂ ਦੀ ਮਰਿਯਾਦਾ ਅਨੁਸਾਰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 27 ਨਵੰਬਰ ਦਿਨ ਸੋਮਵਾਰ ਸਵੇਰੇ 9 ਵਜੇ ਪਾਏ ਜਾਣਗੇ।25 ਅਤੇ 26 ਨਵੰਬਰ ਨੂੰ ਸ਼ਾਮ 5 ਵਜੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਤੋਂ ਸ਼ਬਦ ਚੌਂਕੀ ਕੱਢੀ ਜਾਵੇਗੀ।ਵੱਧ ਤੋਂ ਵੱਧ ਸੰਗਤਾਂ ਹਾਜਰੀ ਭਰ ਕੇ ਲਾਹੇ ਪ੍ਰਾਪਤ ਕਰਨੇ ਜੀ।


The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya Mortgage Specialist
604.760.9172
# 384-8148 128 St, Surrey (Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ • ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ • ਕ੍ਰਿਟੀਕਲ ਇਲਨੈਸ ਇੰਸ਼ੋਰੈਂਸ • ਪਰੋਵਿੰਸ ਤੋਂ ਬਾਹਰ ਕਵਰੇਜ • ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ 778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential Interior & Exterior
Ph:604-897-2526

BASANT SWEETS & RESTAURANT
ਮੰਦਰ, ਗੁਰਦੁਆਰਾ ਸਾਹਿਬ ਅਤੇ ਧਾਰਮਿਕ ਸਮਾਗਮ,ਫੰਕਸ਼ਨਾਂ ਲਈ ਵਿਸ਼ੇਸ਼ ਡਿਸਕਾਊਂਟ
100 ਲੋਕਾਂ ਦੀ ਕੇਟਰਿੰਗ ਸਿਰਫ $1999 ਵਿਚ
ਚਨਾ ਭਟੂਰਾ ਅੰਮ੍ਰਿਤਸਰੀ ਕੁਲਚਾ $4.99 Take Away
Tiffin $195/month
TAKE OUT-DINE IN & CATERING
ਫੋਨ:604-595-3535
#402-8148 128 St. Surrey (Payal Business Cenre)

Top rated Indian Restaurant in Richmond
GINGER INDIAN CUISINE
SERVING SINCE 2013
2 FREE NAAN with minimum purchase of $25
10% Off with minimum purchase of $30
conditions apply only with this coupon expiry date October 2023
Ph:604-370-1300
#490-9100 Blundell road Richmond BC V6Y 3X9

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise 604-590-5200

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims • Private Claims • Free Courtesy Cars • Auto Glass Replacement • Free Estimates
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ ਫਰੀ ਐਸਟੀਮੇਟ
Ph. 604-596-2800 Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels #204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry Lucky Stones Gemstones 40% OFF Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500 604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ 6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ • ਕੰਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

• LIFE • DISABILITY • CRITICAL INSURANCE
SUPER VISA INSURANCE
• LIFE INSURANCE • DISABILITY INSURANCE • MORTGAGE INSURANCE • CRITICAL ILLNESS INSURANCE • TRAVEL & VISITOR INSURANCE • CHILDREN RESP
• ਲਾਈਫ ਇੰਸ਼ੋਰੈਂਸ • ਡਿਸਏਬੀਲਟੀ ਇੰਸ਼ੋਰੈਂਸ • ਮੌਰਟਗੇਜ ਇੰਸ਼ੋਰੈਂਸ • ਕ੍ਰਿਟੀਕਲ ਇਲਨੈਸ ਇੰਸ਼ੋਰੈਂਸ • ਟਰੈਵਲ ਅਤੇ ਵਿਜ਼ਟਰ ਇੰਸ਼ੋਰੈਂਸ • ਚਿਲਡਰਨ ਆਰ ਈ ਐਸ ਪੀ
ਸੁਪਰ ਵੀਜ਼ਾ ਇੰਸ਼ੋਰੈਂਸ Jagmeet Singh Insurance Advisor
604.750.4848
jagmeet@punjabinsurance.ca
#301-8128-128th St., Surrey. B.C.

Acupuncture:Instant Pain Relief & Natural Healing
Back Pain, Sciatica, Arthritis, Shoulder /Neck & More
$60/Ses. Direct billing ICBC & Health Benefits
Discount for Seniors
Ph:778-317-2366 Add:15159-81Ave, Surrey, BC
www.greennatureacupuncture.com


FARM AND SPICE
Open 7 Days a Week
8.30 am to 9.00 pm
SPECIAL OFFERS: 24-30 NOV
Daily Specials on
ਗਾਜਰਾਂ
Carrots
Snaptop
99¢/lb
ਟਮਾਟਰ
Tomatoes
99¢/lb
ਐਂਬ੍ਰੋਸੀਆ ਸੇਬ
Ambrosia BC
Apple
99¢/lb
ਆਵੋਕਾਡੋ
Avocado
99¢ each
ਫ਼ੀਜ਼ੀ ਸੁਕਾਸ਼
Fiji Squash
$1.49/lb
ਕਲਰਡ ਪੈਪਰ
Colored Pepper
$1.49/lb
ਗਾਲਾ ਬੀ ਸੀ ਸੇਬ
Gala BC
Apple
99¢/lb
ਜ਼ੁਕੀਨੀ
Zuchinni
$1.49/lb
ਚੁਕੰਦਰ
Beets
$1.29/lb
ਸ਼ਿਮਲਾ ਮਿਰਚ
Green Pepper
$1.29/lb
ਅਨਾਰ
Pomegranate
$2.99 each
ਸੈਲਰੀ
Celery
$1.99 each
ਲੈਟਿਸ ਹੈੱਡ
Lettuce
Head
$1.99 each
ਪੀਅਰਜ਼
Anjou
Pears
$1.49/lb
ਫੁੱਲ ਗੋਭੀ
Cauliflower
$2.99 each
ਸ਼ਲਗਮ
Turnip
Purple
$1.99/lb
ਸਰੋਂ ਦਾ ਤੇਲ
Gagan
Mustard Oil
250ml $1.49 each
1ltr $4.99 each
ਹੀਰ ਖੰਡ
Heer Sugar
White/Brown
8lb $6.99 each
ਮੇਰੀ ਚਾਹ
Meri Chai
Tea Bags
216Bags $5.49 each
ਅਖ਼ਰੋਟ
Walnuts
Bulk
$4.49/lb
AMA Products at
lowest Price
Disposable 7' Spoons
20pcs $1.29 each
7' Round Plates
40pcs $3.99 each
9 oz paper cups
50pcs $3.99 each
6 Compartment cornstarch trays
40pcs $9.99 each
ਪਾਰਲੀਮੈਂਟ ਚਾਵਲ
Parliament
Basmati Rice
8lb $7.99 each
ਇੰਡੀਆ ਐਟ ਹੋਮ ਚਾਵਲ
India at Home
Basmati Rice
8lb $7.99 each
ਹੀਰ ਆਟਾ
Heer Atta
Whole Wheat/
Durum Chakki
20lb $11.99 each
ਕ੍ਰਾਊਨ ਤੇਲ
Crown
Sunflower Oil
3ltr $12.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪਿੱਲਰਾਂ 'ਤੇ ਸਿਮਰਨੇ ਉਕਰਨੇ ਗੁਰਮਤਿ ਸਿਧਾਂਤਾਂ ਦੀ ਘੋਰ ਉਲੰਘਣਾ:ਗਿ. ਜਾਚਕ

ਅੰਮ੍ਰਿਤਸਰ, (ਚਰਨਜੀਤ ਸਿੰਘ): ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੁਖ ਪ੍ਰਬੰਧਕ ਡਾ. ਵਿਜੈ ਸਤਿਬੀਰ ਸਿੰਘ ਦਾ ਬਿਆਨ ਹੈ ਕਿ ਗੁਰੂਘਰ ਦੀਆਂ ਇਮਾਰਤਾ ਦਾ ਸਬੰਧ ਸਿੱਖ ਕੌਮ ਵਿਚਲੀ ਰੂਹਾਨੀਅਤ, ਕੌਮ ਦੇ ਇਤਿਹਾਸ ਅਤੇ ਸਭਿਆਚਾਰ ਪੱਖੋਂ ਵੱਡਾ ਮਹੱਤਵ ਹੁੰਦਾ ਹੈ। ਸਾਰੇ ਮੰਨਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਸਾਂਝੀਵਾਲਤਾ ਵਾਲੇ ਕੁਝ ਪ੍ਰਮੁੱਖ ਗੁਰਮਤੀ ਸਿਧਾਂਤਾਂ ਦੀ ਮੂੰਹ ਬਲਦੀ ਤਸਵੀਰ ਹੈ।ਪ੍ਰੰਤੂ ਬਹੁਤ ਹੀ ਦੁਖਦਾਈ ਪੱਖ ਹੈ ਕਿ ਪਹਿਲਾਂ ਮਹੰਤ-ਕਾਲ ਮੌਕੇ ਸ੍ਰੀ ਦਰਬਾਰ ਸਾਹਿਬ ਦੀਆਂ ਦੀਵਾਰਾਂ ਤੇ ਛੱਤ ਦੇ ਅੰਦਰਲੇ ਪਾਸੇ ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੇ ਚਿਤ੍ਰ ਬਣਵਾ ਕੇ ਸਿੱਖੀ ਅੰਦਰ ਬਿਪਰਵਾਦ ਦਾ ਪ੍ਰਵੇਸ਼ ਕਰਵਾਇਆ ਗਿਆ ਅਤੇ ਹੁਣ ਸ਼੍ਰੋਮਣੀ ਕਮੇਟੀ ਦੀ ਕਾਬਜ ਧਿਰ ਬਿਪਰਵਾਦੀ ਡੇਰੇਦਾਰਾਂ ਰਾਹੀਂ ਮਹੰਤ-ਕਾਲ ਵਾਲੀਆਂ ਕਾਰਵਾਈਆਂ ਨੂੰ ਪੱਕੇ 'ਤੌਰ ਤੇ ਸੁਰੰਜਾਮ ਦੇ ਰਹੀ ਹੈ । ਅਜੇ ਮੋਗੇ ਦੇ ਗਊਸ਼ਾਲਾ ਵਾਲੇ ਮਹੰਤ ਪਰਦੀਪ ਵਾਲੀ ਕਾਰਵਾਈ ਦੀ ਚਰਚਾ ਮੱਠੀ ਨਹੀਂ ਸੀ ਪਈ ਕਿ ਹੁਣ ਸੀਧੜੇ ਵਾਲੇ ਡੇਰੇਦਾਰ ਸਰਬਜੀਤ ਸਿੰਘ ਦੁਆਰਾ ਸ੍ਰੀ ਦਰਬਾਰ ਸਾਹਿਬ ਤੋਂ ਦਰਸ਼ਨੀ ਡਿਓਡੀ ਦੇ ਦਰਮਿਆਨ ਸ਼ਮਿਆਨੇ ਹੇਠ ਬਣਵਾਏ ਪਿੱਤਲ ਦੇ ਪਿੱਲਰਾਂ (ਥੰਮਾ) ਉੱਤੇ ਸਿਮਰਨੇ (ਮਾਲਾ) ਉਕਰੇ ਗਏ ਹਨ, ਜਿਨ੍ਹਾਂ ਤੋਂ ਸਿੱਖ ਸੰਗਤਾਂ ਨੂੰ ਮਾਲਾ ਰਾਹੀਂ ਨਾਮ-ਜਪਣ ਦੀ ਪ੍ਰੇਰਨਾ ਮਿਲੇਗੀ, ਜੋ ਗੁਰਬਾਣੀ ਤੋਂ ਪ੍ਰਗਟ ਹੁੰਦੇ ਗੁਰਮਤਿ ਸਿਧਾਂਤਾਂ ਦੀ ਘੋਰ ਉਲੰਘਣਾ ਹੈ।ਇਹ ਵਿਚਾਰ ਹਨ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਗ੍ਰੰਥੀ ਅਤੇ ਅੰਤਰਾਸ਼ਟਰੀ ਸਿੱਖ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਦੇ, ਜੋ ਉਨ੍ਹਾਂ ਆਪਣੇ ਈ-ਮੇਲ ਪ੍ਰੈਸਨੋਟ ਰਾਹੀਂ ਅਦਾਰਾ ਰੋਜ਼ਾਨਾ ਪਹਿਰੇਦਾਰ ਨਾਲ ਸਾਂਝੇ ਕੀਤੇ।ਉਨ੍ਹਾਂ ਆਪਣੇ ਉਪਰੋਕਤ ਬਿਆਨ ਦੀ ਸਪਸ਼ਟਤਾ ਪੱਖੋਂ ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧ ਨਾਲੀ॥" (ਪੰ. 1134) ਗੁਰਵਾਕ ਦੇ ਚਾਨਣ ਵਿੱਚ ਦੱਸਿਆ ਕਿ ਸਤਿਗੁਰੂ ਜੀ ਨੇ ਮਨੁੱਖ ਦੇ ਸ੍ਰੇਸ਼ਟ ਅਚਾਰ ਵਿਹਾਰ ਨੂੰ ਹੀ ਸਭ ਤੋਂ ਵਧੀਆ ਮਾਲਾ ਦੱਸਿਆ ਹੈ, ਜੋ ਹੱਥਾਂ ਦੀ ਥਾਂ ਹਿਰਦੇ ਵਿੱਚ ਫਿਰਦੀ ਹੈ।ਭਗਤ ਕਬੀਰ ਸਾਹਿਬ ਜੀ ਸ਼ਬਦਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਹੈ: ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲਇ॥" ਭਾਵ, ਐ ਮਨੁੱਖ! ਬ੍ਰਾਹਮਣਾਂ ਵਾਂਗ ਤੁਲਸੀ ਤੇ ਰੱਦਾਖ ਆਦਿਕ ਲਕੜੀ ਦੀ ਮਾਲਾ ਹੱਥ ਵਿੱਚ ਲੈ ਕੇ ਲੋਕਾਂ ਨੂੰ ਕੀ ਵਿਖਾਂਦਾ ਫਿਰਦਾ ਹੈਂ ਕਿ ਮੈਂ ਨਾਮ ਜਪਦਾ ਹਾਂ? ਪਰ, ਕਿਉਂਕਿ ਸਾਰੇ ਡੇਰੇਦਾਰ ਸਿੱਖ ਜਗਤ ਨੂੰ ਗੁੰਮਰਾਹ ਕਰਨ ਲਈ ਹੱਥਾਂ ਵਿੱਚ ਸਿਮਰਨੋ ਫੜ ਕੇ ਨਾਮ-ਜਪਣ ਦੀ ਪ੍ਰਦਰਸ਼ਨੀ ਕਰਦੇ ਹਨ।ਆਪਣੇ ਚੇਲੇ ਬਨਾਉਣ ਲਈ ਉਹ ਮਾਲਾ ਤੇ ਛੋਟੇ ਸਿਮਰਨੇ ਵੰਡਦੇ ਹਨ।ਇਸ ਲਈ ਹੁਣ ਉਹ ਸ੍ਰੀ ਦਰਬਾਰ ਸਾਹਿਬ ਦੇ ਥੰਮਲਿਆਂ ਦੁਆਰਾ ਸਿੱਖ ਸੰਗਤਾਂ ਨੂੰ ਅਜਿਹੀ ਪ੍ਰੇਰਨਾ ਕਰਨ ਦਾ ਯਤਨ ਕਰ ਰਹੇ ਹਨ, ਤਾਂ ਕਿ ਉਨ੍ਹਾਂ ਦੀ ਕਰਤੂਤ 'ਤੇ ਰੂਹਾਨੀਅਤ ਦਾ ਪਰਦਾ ਪੈ ਸਕੇ।



ਉਨ੍ਹਾਂ ਆਪਣੇ ਬਿਆਨ ਨੂੰ ਸੰਕੋਚਦਿਆਂ ਆਖਿਆ ਕਿ ਪੰਜਾਬੀ ਦਾ ਇੱਕ ਮੁਹਾਵਰਾ ਹੈ ' ਉਹ ਫਿਰੇ ਨੱਥ ਘੜਾਉਣ ਲਈ ਤੇ ਉਹ ਫਿਰੇ ਨੱਕ ਵਢਾਉਣ ਲਈ।

ਸਿੱਖ ਕੌਮ ਤਾਂ ਉਡੀਕ ਰਹੀ ਹੈ ਕਿ ਕਦੋਂ ਮੌਕਾ ਮਿਲੇ ਤੇ ਜਿਵੇਂ ਸ੍ਰੀ ਦਰਬਾਰ ਸਾਹਿਬ ਦੇ ਬਹਾਰੋਂ ਮੂਰਤੀਆਂ ਚੁਕਵਾਈਆਂ ਸਨ, ਤਿਵੇਂ ਹੀ ਅੰਦਰੋਂ ਵੀ ਦੇਵੀ ਦੇਵਤਿਆਂ ਦੇ ਚਿਤ੍ਰ ਮਿਟਾਏ ਜਾ ਸਕਣ।ਪਰ ਉਥੋਂ ਦੀ ਕਾਬਜ ਧਿਰ ਹੁਣ ਪਿੱਤਲ ਦੇ ਪਿੱਲਰਾਂ ਉੱਤੇ ਪੱਕੇ ਤੌਰ 'ਤੇ' ਬਿਪਰਵਾਦੀ ਸਿਧਾਂਤਾਂ ਦੇ ਚਿਤ੍ਰ ਬਣਵਾ ਕੇ ਉਨ੍ਹਾਂ ਨੂੰ ਗੁਰਮਤਿ ਅਨੁਸਾਰੀ ਦਰਸਾਉਣ ਲਈ ਯਤਨਸ਼ੀਲ ਹੋ ਗਈ ਹੈ।ਪੰਥ ਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਸ੍ਰੀ ਅੰਮ੍ਰਿਤਸਰ ਦੇ ਪ੍ਰਸਿੱਧ ਪਤਰਕਾਰ ਸ੍ਰ. ਚਰਨਜੀਤ ਸਿੰਘ ਦੇ ਜਿਹੜੇ ਸ੍ਰੀ ਦਰਬਾਰ ਸਾਹਿਬ ਪ੍ਰਤੀ ਬਾਜ ਅੱਖ ਵਾਲੀ ਪਹਿਰੇਦਾਰੀ ਕਰ ਰਹੇ ਹਨ।ਸਾਰੇ ਪੰਥ ਦਰਦੀ ਅਰਦਾਸ ਕਰੋ ਕਿ ਅਕਾਲ-ਪੁਰਖ ਅਜਿਹੇ ਪਰਬੰਧਕਾਂ ਨੂੰ ਸੁਮੱਤ ਬਖਸ਼ੇ।

# ਜਦ ਦੇਸ਼ ਦੀ ਸਤ੍ਹਾ 'ਤੇ ਕਾਬਜ ਲੋਕ ਗੁਰਦੁਆਰਾ ਸਾਹਿਬਾਨ ਨੂੰ ਨਾਸੂਰ ਦੱਸਣਗੇ ਤਾਂ ਅਜਿਹੀਆਂ ਘਟਨਾਵਾਂ ਵਾਪਰਨਗੀਆਂ



ਅੰਮ੍ਰਿਤਸਰ (ਚਰਨਜੀਤ ਸਿੰਘ) ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਦੇਸ਼ ਦੇ ਕੁਝ ਭਾਗਾਂ ਵਿਚ ਸਿੱਖਾਂ ਤੇ ਨਸਲੀ ਹਮਲੇ ਹੋਣ ਦੀਆਂ ਚਰਚਿਤ ਵੀਡੀਓ ਤੇ ਟਿੱਪਣੀ ਕਰਦਿਆਂ ਕਿਹਾ ਕਿ ਜਦ ਦੇਸ਼ ਦੀ ਸਤ੍ਹਾ ਤੇ ਕਾਬਜ ਲੋਕ ਸਟੇਜਾਂ ਤੇ ਬੈਠ ਕੇ ਗੁਰਦਵਾਰਾ ਸਾਹਿਬਾਨ ਨੂੰ ਨਾਸੂਰ ਦਸਣਗੇ ਤਾਂ ਅਜਿਹੀਆਂ ਘਟਨਾਵਾਂ ਵਾਪਰਣੀਆ ਹੀ ਹਨ।ਇਨਾਂ ਘਟਨਾਵਾਂ ਲਈ ਉਹ ਲੋਕ ਹੀ ਜਿੰਮੇਵਾਰ ਹਨ ਜੋ ਗੁਰੂ ਘਰਾਂ ਨੂੰ ਨਾਸੂਰ ਦਸਣ ਦੀ ਹਿਮਾਕਤ ਕਰਦੇ ਹਨ। ਅਜਿਹੇ ਲੋਕਾਂ ਨੂੰ ਨੱਥ ਪੈਣੀ ਚਾਹੀਦੀ ਹੈ। ਜਥੇਦਾਰ ਨੇ ਕਿਹਾ ਕਿ ਜਬਲਪੁਰ ਵਿਚ ਵਾਪਰੀ ਘਟਨਾ ਜੋ ਇੱਕ ਸਿੱਖ ਨੂੰ ਡਾਗਾਂ ਨਾਲ ਕੁਟਿਆ ਗਿਆ ਇਹ ਸਿਆਸੀ ਸ਼ਹਿ ਤੇ ਹੋਇਆ ਹੈ।ਇਹ ਘਟਨਾਵਾ ਦੱਸਦੀਆਂ ਹਨ ਕਿ ਸਿੱਖ ਕੌਮ ਨਾਲ ਹੋਰ ਵੀ ਕੁੱਟ ਮਾਰ ਕੀਤੀ ਜਾਵੇਗੀ।ਦੇ ਸ਼ਵਿੱਚ ਕਨੂੰਨਾ ਦੀ ਕੋਈ ਚੀਜ਼ ਨਹੀਂ ਹੈ।

# ਰਾਜੀਵ ਗਾਂਧੀ ਦੀ ਸਿੱਖ ਕਤਲੇਆਮ ਨੂੰ ਹੱਲਾਸ਼ੇਰੀ



ਦਿੱਲੀ:19 ਨਵੰਬਰ 1984 ਨੂੰ ਰਜੀਵ ਗਾਂਧੀ ਨੇ ਦਿੱਤਾ ਸੀ ਹਜ਼ਾਰਾਂ ਸਿੱਖਾਂ ਦੀ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਂਦਾ ਭਾਸ਼ਣ: 'ਜਬ ਭੀ ਕੋਈ ਵੱਡਾ ਪੇਡ ਗਿਰਤਾ ਹੈ, ਤੋ ਧਰਤੀ ਥੋੜੀ ਹਿਲਤੀ ਹੈ'' 19 ਨਵੰਬਰ ਨੂੰ ਹਜ਼ਾਰਾਂ ਲੋਕਾਂ ਦੇ ਸਾਹਮਣੇ ਭਾਸ਼ਣ ਦਿੰਦੇ ਹੋਏ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਨੇ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈ ਸਿੱਖ ਨਸਲਕੁਸ਼ੀ ਨੂੰ ਜਾਇਜ਼ ਠਹਿਰਾਇਆ।










# ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਖੁੱਲ੍ਹਿਆ ਚਿੱਠਾ




ਲੁਧਿਆਣਾ ਪੰਥ ਅਕਾਲੀ ਲਹਿਰ ਨੌਜਵਾਨ ਵਿੰਗ ਦੇ ਆਗੂ ਭਾਈ ਲਖਵੰਤ ਸਿੰਘ ਦੋਬੁਰਜੀ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਚਿੱਠਾ ਖੋਲਦੇ ਹੋਏ ਆਖਿਆ ਸਿਆਸਤ ਦੇ ਗੁਲਾਮ ਕਮੇਟੀ ਮੈਂਬਰਾਂ ਦਾ ਚਿੱਠਾ ਸ਼੍ਰੋਮਣੀ ਕਮੇਟੀ ਦੇ ਅਕਾਲੀ ਮੈਂਬਰਾਂ ਵਲੋਂ ਆਪਣੀਆਂ ਜ਼ੁੰਮੇਵਾਰੀ ਤੋਂ ਭੱਜਣਾਂ ਇਸ ਲਈ ਜਥੇਦਾਰ ਰਣਜੀਤ ਸਿੰਘ ਜੀ ਨੇ, ਪੰਥਕ ਅਕਾਲੀ ਲਹਿਰ' ਇੱਕ ਧਾਰਮਿਕ ਜਥੇਬੰਦੀ ਬਣਾ ਕੇ ਸਿੱਖਾਂ ਨੂੰ ਨਰੋਲ ਗੁਰਸਿੱਖਾਂ ਦੀ ਚੋਣ ਕਰਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਾਉਣ ਲਈ ਸੰਗਤਾਂ ਵਿੱਚ ਪੰਜ ਸਾਲ ਤੋਂ ਵਿਚਰ ਰਹੇ ਹਨ, ਉਹਨਾਂ ਕਿਹਾ ਕਿ ਬਾਦਲ ਦਲ ਦੇ ਕਮੇਟੀ ਦੇ ਮੈਂਬਰਾਂ ਵਲੋਂ ਕੌਮ ਦੇ ਵਿਰੋਧ ਤੇ ਸਿੱਖ ਵਿਰੋਧੀ ਤਾਕਤਾਂ ਦਾ ਸਾਥ ਦੇਣ ਦਾ ਚਿੱਠਾ ਅੱਜ ਮੈਂ ਸਾਧ ਸੰਗਤਾਂ ਦੇ ਇਕ ਇਕ ਕਰਕੇ ਖੋਲ ਰਿਹਾ ਜਿਨਾਂ ਵਿੱਚ

1. ਸੌਧਾ ਸਾਧ ਵਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਸੁਆਗ ਰਚਨ ਤੇ ਕਮੇਟੀ ਦੇ ਅਕਾਲੀ ਮੈਂਬਰਾਂ ਵਲੋਂ ਚੁੱਪ ਰਹਿਣਾ।

2. 2012 ਦੀਆਂ ਰਾਮ ਰਹੀਮ ਦੀਆਂ ਵੋਟਾਂ ਲੈਣ ਲਈ 2012 ਵਿੱਚ ਸੌਧਾ ਸਾਧ ਤੋਂ ਅਕਾਲੀ ਸਰਕਾਰ ਵਲੋਂ ਸੁਆਗ ਰਚਨ ਸਬੰਧੀ ਕੇਸ ਵਾਪਸ ਲੈਣ ਤੇ ਵੀ ਬਾਦਲ ਦਲ ਦੇ ਕਮੇਟੀ ਮੈਂਬਰਾਂ ਵਲੋਂ ਚੁੱਪੀ ਧਾਰੀ ਰੱਖਣੀ ।ਕੇਸ ਸਬੰਧੀ ਸਰਕਾਰ ਨੂੰ ਕੋਈ ਅਪੀਲ ਨਾ ਕਰਨੀ।

3. 17 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਰਾਮ ਰਹੀਮ ਦੀਆਂ ਵੋਟਾਂ ਲੈਣ ਲਈ 15 ਵਿੱਚ ਸੌਧਾ ਸਾਧ ਨੂੰ ਬਿਨਾਂ ਮੰਗੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਾਫੀ ਦਵਾਉਣੀ। ਸਿੱਖ ਕੌਮ ਦੇ ਸਰਬ ਉੱਚ ਮੀਰੀ ਪੀਰੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਿਧਾਂਤਾਂ ਨੂੰ ਬਲਾਤਕਾਰੀ ਰਾਮ ਰਹੀਮ ਤੋਂ ਨਿਸ਼ਾਵਰ ਕਰ ਦੇਣਾ। ਕਮੇਟੀ ਮੈਂਬਰਾਂ ਨੇ ਫੇਰ ਵੀ ਚੁੱਪ ਰਹਿਣਾ।

4. ਬਾਦਲ ਦੇ ਕਹਿਣ ਤੇ ਰਾਮ ਰਹੀਮ ਦੀਆਂ ਵੋਟਾ ਲੈਣ ਲਈ ਮਾਫੀ ਦਵਾਉਣੀ ਬਾਦਲ ਦਲ ਦੇ ਕਮੇਟੀ ਮੈਂਬਰਾਂ ਤੇ ਤਖਤਾਂ ਦੇ ਜਥੇਦਾਰਾਂ ਵਲੋਂ ਰਾਮ ਰਹੀਮ ਅੱਗੇ ਗੋਡੇ ਟੇਕ ਦੇਣੇ।

5. ਰਾਮ ਰਹੀਮ ਦੇ ਚੇਲਿਆਂ ਵਲੋਂ ਕੀਤੀ ਬੇਅਦਬੀ ਦਾ ਇਨਸਾਫ ਲੈਣ ਲਈ ਸਿੱਖ ਸੰਗਤਾਂ ਨੇ ਪੰਜਾਬ ਵਿੱਚ ਧਰਨੇ ਲਗਾਏ ਪਰ ਬਾਦਲ ਸਰਕਾਰ ਨੇ ਸਿੱਖਾਂ ਦੀ ਗੱਲ ਸੁਣਨ ਦੀ ਬਜਾਏ ਰਾਮ ਰਹੀਮ ਤੋਂ ਵੋਟਾਂ ਲੈਣ ਲਈ ਬੇਅਦਬੀ ਦੇ ਦੋਸ਼ੀਆਂ ਨੂੰ ਪੁਲੀਸ ਪਨਾਹ ਦੇਣੀ ਤੇ ਇਸ ਤੇ ਵੀ ਅਕਾਲੀ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਚੁੱਪ ਹੀ ਰਹੀਣਾ।

6. ਧਰਨੇ ਤੇ ਨਾਮ ਜਪਦਿਆਂ ਸੰਗਤਾਂ ਤੇ ਅਕਾਲੀ ਸਰਕਾਰ ਨੇ ਗੋਲੀ ਚਲਾ ਕੇ 78 ਸਿੱਖਾਂ ਨੂੰ ਜ਼ਖਮੀ ਕੀਤਾ ਤੇ 2 ਸਿੱਖਾਂ ਨੂੰ ਸ਼ਹੀਦ ਕਰ ਦਿਤਾ। ਸਿੱਖਾਂ ਤੇ ਗੋਲੀਆਂ ਚਲਾਉਣ ਵਾਲੀ ਬਾਦਲ ਸਰਕਾਰ ਨੂੰ ਕਮੇਟੀ ਮੈਂਬਰ ਪੁੱਛ ਹੀ ਨਾ ਸਕੇ ਕਿ ਕੋਟਕਪੂਰਾ ਨੂੰ ਜਲਿਆਂ ਵਾਲਾ ਬਾਗ਼ ਕਿਉਂ ਬਣਾ ਦਿੱਤਾ?

7. ਪੰਜਾਬ ਵਿੱਚ ਰਾਮ ਰਹੀਮ ਦੀ ਫਿਲਮ ਦਾ ਸਿੱਖ ਕੌਮ ਨੇ ਵਿਰੋਧ ਕੀਤਾ ਸੀ ਪਰ ਰਾਮ ਰਹੀਮ ਨੂੰ ਕਲੀਨ ਚਿੱਟ ਦੇਣ ਸਬੰਧੀ ਸ਼੍ਰੋਮਣੀ ਕਮੇਟੀ ਨੇ ਗੁਰੂ ਰਾਮਦਾਸ ਸਾਹਿਬ ਪਾਤਸ਼ਾਹੀ ਜੀ ਦੀ ਗੋਲਕ ਵਿਚੋਂ 90 ਲੱਖ ਦੇ ਇਸ਼ਤਿਹਾਰ ਲਗਾ ਕੇ ਰਾਮ ਰਹੀਮ ਦੀ ਮਸ਼ਹੂਰੀ ਕਰਨੀ।

8. ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਅਵਤਾਰ ਪੁਰਬ ਮੌਕੇ ਸਿੱਖਾਂ ਵਲੋਂ ਸਟੇਜ ਦੀ ਸੇਵਾ ਫ੍ਰੀ ਸੇਵਾ ਕਰਵਾਉਣ ਦੀ ਬਜਾਏ ਬਾਦਲ ਦਲ ਦੇ ਕਮੇਟੀ ਮੈਂਬਰਾਂ ਵਲੋਂ ਹਰਸਿਮਰਤ ਕੌਰ ਬਾਦਲ ਦੇ ਕਹਿਣ ਤੇ ਪੀ ਟੀ ਸੀ ਚੈਨਲਾਂ ਨੂੰ 12 ਕਰੋੜ ਵਿੱਚ ਠੇਕਾ ਦੇਣਾ ਤੇ ਮੀਂਹ ਪੈਣ ਤੋਂ 4 ਕਰੋੜ ਦਾ ਨੁਕਸਾਨ ਗੁਰੂ ਕੀ ਗੋਲਕ ਵਿੱਚ ਦੇਣਾ। ਗੁਰੂ ਕੀ ਗੋਲਕ ਨੂੰ ਬਾਦਲ ਪਰਿਵਾਰ ਪੀ ਟੀ ਸੀ ਦੁਆਰਾ ਖਾਈ ਜਾ ਰਿਹਾ ਹੈ ਤੇ ਕਮੇਟੀ ਮੈਂਬਰ ਚੁੱਪ ਰਹੇ।

9.ਬਾਦਲ ਦਲ ਦੇ ਕਮੇਟੀ ਮੈਂਬਰਾਂ ਨੇ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਦੀ ਜਮੀਨ ਮਾਲ ਵਾਲੇ ਨੂੰ ਵੇਚੀ ਤੇ ਗੁਰੂ ਘਰ ਦੇ ਨਾਲ ਮਾਲ ਵਿੱਚ ਸ਼ਰਾਬ ਤੇ ਸਵਾਬ ਦੋਨੋਂ ਚੱਲਦੇ ਨੇ ਤੇ ਗੁਰੂ ਘਰ ਦੀ ਮਰਿਆਦਾ ਦਾ ਘਾਣ ਹੋ ਰਿਹਾ ਹੈ ਇਹ ਹੈ ਇਹਨਾਂ ਕਮੇਟੀ ਮੈਂਬਰਾਂ ਦੇ ਕਾਰਨਾਮੇ।

10. ਸਿੱਖ ਨੌਜਵਾਨਾਂ ਦੇ ਕਾਤਲ ਸੁਮੇਧ ਸੈਣੀ ਨੂੰ ਬਾਦਲ ਸਰਕਾਰ ਨੇ ਪੰਜਾਬ ਪੁਲਿਸ ਮੁਖੀ ਲਗਾਇਆ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸਿੱਖਾਂ ਦੇ ਹੱਕ ਵਿੱਚ ਹਾਂ ਦਾ ਨਾਹਰਾ ਵੀ ਨਹੀਂ ਮਾਰਿਆਂ ਬਾਦਲ ਪਰਿਵਾਰ ਦੇ ਗੁਲਾਮ ਕਮੇਟੀ ਮੈਂਬਰ ਬਾਦਲ ਤੋਂ ਪੁੱਛ ਨਹੀਂ ਸਕੇ ਕੇ ਸੁਮੇਧ ਸੈਣੀ ਨੂੰ ਪੁਲੀਸ ਮੁਖੀ ਕਿਉਂ ਲਗਾਇਆ।

11. ਬਾਦਲ ਪਰਿਵਾਰ ਨੇ ਸਿੱਖਾਂ ਵਿਰੁੱਧ ਆਲਮ ਸੈਨਾ ਬਨਾਉਣ ਵਾਲੇ ਇਜ਼ਹਾਰ ਆਲਮ ਨੂੰ ਅਕਾਲੀ ਦਲ ਦਾ ਮੀਤ ਪ੍ਰਧਾਨ ਬਣਾਇਆ ਤੇ ਇਹ ਕਮੇਟੀ ਮੈਂਬਰ ਫੇਰ ਵੀ ਚੁੱਪ ਰਹੇ।

12. ਜੋ 84 ਵਿੱਚ ਕੇਂਦਰ ਸਰਕਾਰ ਸਿੱਖ ਇਤਿਹਾਸ ਲੈ ਗਈ ਸੀ ਉਹ ਇਤਿਹਾਸ ਸੀ ਬੀ ਆਈ ਤੇ ਫੌਜੀ ਅਫਸਰਾਂ ਵਲੋਂ 1994 ਤੱਕ ਇਤਿਹਾਸ ਦੀਆਂ 1400 ਗਠੜੀਆ ਸ਼੍ਰੋਮਣੀ ਕਮੇਟੀ ਦੇ ਸਕੱਤਰਾਂ ਤੋਂ ਸ਼ਾਈਨ ਕਰਵਾ ਕੇ ਕਮੇਟੀ ਨੂੰ ਵਾਪਸ ਕੀਤੀਆਂ ਗਈਆਂ ਹਨ। ਪਰ ਇਹ ਇਤਿਹਾਸ ਸਿੱਖ ਰੈਫਰੈਨਸ ਲਾਈਬ੍ਰੇਰੀ ਵਿੱਚ ਲੱਭ ਨਹੀਂ ਰਿਹਾ। 2007 ਤੋਂ ਇਸ ਗਾਇਬ ਹੋਏ ਇਤਿਹਾਸ ਦਾ ਕੇਸ ਅਦਾਲਤ ਵਿੱਚ ਚੱਲ ਰਿਹਾ ਹੈ ਪਰ ਕਮੇਟੀ ਦੇ ਸਕੱਤਰ ਅਦਾਲਤ ਨੂੰ ਕੁਝ ਨਹੀਂ ਦੱਸ ਰਹੇ।

13. ਪੰਜਾਬ ਵਿੱਚ ਇਤਿਹਾਸਕ ਗੁਰਦੁਆਰੇ ਦੀਆਂ 20 ਹਜ਼ਾਰ ਏਕੜ ਜ਼ਮੀਨਾਂ ਜ਼ੋ ਬਾਦਲ ਦਲ ਦੇ ਮੈਂਬਰਾਂ ਨੇ ਆਪਣੇ ਚਹੇਤਿਆਂ ਨੂੰ 100 ਸਾਲ ਲਈ ਫ੍ਰੀ ਵਿੱਚ ਲੀਜ਼ ਤੇ ਦਿੱਤੀਆਂ ਹੋਈਆ ਹਨ ।ਕਮੇਟੀ ਮੈਂਬਰ ਤੇ ਅਕਾਲੀ ਲੀਡਰਾਂ ਰਲ ਮਿਲ ਕੇ ਗੁਰੂ ਕੀ ਗੋਲਕ ਤੇ ਗੁਰੂ ਦੀਆਂ ਜ਼ਮੀਨਾਂ ਨੂੰ ਖਾਈ ਜਾ ਰਹੇ ਹਨ।

14 . ਪਿੰਡ ਇਆਲੀ ਲੁਧਿਆਣਾ ਦੇ ਗੁਰੂ ਘਰ ਦੀ ਜ਼ਮੀਨ ਇੱਕ ਮਾਲ ਵਾਲੇ ਨੂੰ ਦਿੱਤੀ ਤੇ ਜ਼ੋ ਜ਼ਮੀਨ ਦਿੱਤੀ ਉਹ 3 ਕਰੋੜ ਨੂੰ ਏਕੜ ਵਾਲੀ ਤੇ ਉਸ ਜ਼ਮੀਨ ਦੇ ਬਦਲੇ ਜ਼ੋ ਜ਼ਮੀਨ ਮਾਲ ਵਾਲੇ ਤੋਂ ਲਈ ਉਹ ਬੱਦੋਵਾਲ ਛਾਉਂਣੀ ਕੋਲ 30 ਲੱਖ ਨੂੰ ਏਕੜ ਦੇ ਮੁੱਲ ਵਾਲੀ ਲਈ ਤੇ ਵਿਚਲਾ ਪੈਸਾ ਕਮੇਟੀ ਮੈਂਬਰ ਤੇ ਅਕਾਲੀ


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਜਦੋਂ ਜੈਸ਼ੰਕਰ ਨੂੰ ਨਿੱਝਰ ਦੇ ਅੱਤਵਾਦੀ ਹੋਣ ਬਾਰੇ ਪੁੱਛਿਆ ਗਿਆ:ਦਿੱਤਾ ਗੋਲ ਮੋਲ ਜਵਾਬ



ਲੰਡਨ:ਜਦੋਂ ਭਾਰਤ ਦੇ ਮੰਤਰੀ ਜੈਸ਼ੰਕਰ ਨੂੰ ਨਿੱਝਰ ਦੇ ਅੱਤਵਾਦੀ ਹੋਣ ਬਾਰੇ ਪੁੱਛਿਆ ਗਿਆ ਤਾਂ ਉਸਦੇ ਮੂੰਹ ਚੋਂ ਨਿੱਝਰ ਨੂੰ ਅਤਿਵਾਦੀ ਕਹਿਣ ਦੀ ਹਿੰਮਤ ਨਾ ਪਈ।ਕੈਨੇਡਾ ਭਾਰਤ ਤਣਾਅ ਬਾਰੇ ਐੱਸ ਜੈਸ਼ੰਕਰ ਨੇ ਆਪਣਾ ਨਵਾਂ ਬਿਆਨ ਵਿਲਟਨ ਪਾਰਕ ਲੰਡਨ ਵਿਖੇ ਰੱਖੀ ਗਈ ਇੱਕ ਗੱਲਬਾਤ ਦੌਰਾਨ ਦਿੱਤਾ।ਇਹ ਗੱਲਬਾਤ ਭਾਰਤੀ ਵਿਦੇਸ਼ ਮੰਤਰਾਲੇ ਦੇ ਯੂਟਿਊਬ ਚੈਨਲ ਉੱਤੇ ਵੀ ਪਾਈ ਗਈ ਹੈ।ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਕੀ ਤੁਸੀਂ ਸਰਕਾਰ ਵਿੱਚ ਕੋਈ ਅਜਿਹਾ ਸਬੂਤ ਦੇਖਿਆ ਹੈ ਜੋ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਬੰਧਤ ਹੋਵੇ?ਤਾਂ ਉਨ੍ਹਾਂ ਕਿਹਾ, "ਇਸ ਮਾਮਲੇ ਵਿੱਚ ਕੋਈ ਨਹੀਂ।"ਫਿਰ ਸਵਾਲ ਕੀਤਾ ਗਿਆ ਕਿ ਕੀ ਤੁਹਾਨੂੰ ਲੱਗਦਾ ਹੈ ਕਿ ਉਹ (ਹਰਦੀਪ ਸਿੰਘ ਨਿੱਝਰ) ਅੱਤਵਾਦੀ ਸੀ?ਉਨ੍ਹਾਂ ਕਿਹਾ, "ਉਸ ਦਾ (ਹਰਦੀਪ ਸਿੰਘ ਨਿੱਝਰ) ਟਰੈਕ ਰਿਕਾਰਡ ਰਿਹਾ ਜੋ ਕਿ ਸੋਸ਼ਲ ਮੀਡੀਆ ਉੱਤੇ ਵੀ ਹੈ, ਜੋ ਸਭ ਜ਼ਾਹਰ ਕਰਦਾ ਹੈ।""ਮੈਂ ਉਸ ਵਿਅਕਤੀ ਜਿਸ ਦੀਆਂ ਹਥਿਆਰਾਂ ਨਾਲ ਤਸਵੀਰਾਂ ਹਨ ਅਤੇ ਮੁੱਦਿਆ ਉੱਤੇ ਉਸਦੀ ਰਾਇ ਬਾਰੇ ਸਭ ਨੂੰ ਪਤਾ ਹੈ। ਉਸ ਬਾਰੇ ਰਾਇ ਬਣਾਉਣ ਦਾ ਫ਼ੈਸਲਾ ਲੋਕਾਂ ਉੱਤੇ ਛੱਡਦਾ ਹਾਂ।"ਉਨ੍ਹਾਂ ਕਿਹਾ ਕਿ ਸੰਦਰਭ ਇਹ ਹੈ ਕਿ ਸਾਨੂੰ ਲੱਗਦਾ ਹੈ ਕਿ ਕੈਨੇਡੀਅਨ ਰਾਜਨੀਤੀ ਨੇ ਹਿੰਸਕ ਅਤੇ ਕੱਟੜਪੰਥੀ ਰਾਜਨੀਤਕ ਵਿਚਾਰਧਾਰਾ ਜਿਹੜੀ ਵੱਖਵਾਦ ਦੀ ਹਮਾਇਤੀ ਹੈ, ਨੂੰ ਥਾਂ ਦਿੱਤੀ ਹੈ।ਇਨ੍ਹਾਂ ਲੋਕਾਂ ਨੂੰ ਕੈਨੇਡੀਆਈ ਰਾਜਨੀਤੀ ਵਿੱਚ ਥਾਂ ਦਿੱਤੀ ਜਾ ਰਹੀ ਹੈ, ਉਨ੍ਹਾਂ ਨੂੰ ਇਸ ਗੱਲ ਦੀ ਆਜ਼ਾਦੀ ਹੈ ਕਿ ਉਹ ਆਪਣੀ ਰਾਇ ਰੱਖ ਸਕਣ।ਇਹ ਹੀ ਨਹੀਂ ਹਾਲਾਤ ਇੱਥੋਂ ਤੱਕ ਆ ਗਏ ਸਨ ਜਿੱਥੇ ਮੇਰੇ ਦੇਸ ਦੇ ਹਾਈ ਕਮਿਸ਼ਨਰ ਸਣੇ ਕੂਟਨੀਤਕਾਂ ਉੱਤੇ ਹਮਲੇ ਹੋਏ ਹਨ। ਹਾਈ ਕਮਿਸ਼ਨ ਉੱਤੇ ਧੂਆਂ ਬੰਬ (ਸਮੋਕ ਬੰਬ) ਵੀ ਸੁੱਟੇ ਗਏ ਸਨ।ਕੂਟਨੀਤਕਾਂ ਨੂੰ ਜਨਤਕ ਤੌਰ ਉੱਤੇ ਪਰੇਸ਼ਾਨ ਕੀਤਾ ਗਿਆ ਅਤੇ ਇਹ ਕਰਨ ਵਾਲੇ ਲੋਕਾਂ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਕਿਹਾ ਕਿ ਕੈਨੇਡਾ ਅਜਿਹਾ ਦੇਸ ਹੈ ਜਿੱਥੇ ਇਤਿਹਾਸ ਵਿੱਚ ਇਸ ਨਾਲ ਸਬੰਧੀ ਘਟਨਾਵਾਂ ਵਾਪਰੀਆਂ ਹਨ, ਉਨ੍ਹਾਂ ਨੇ ਏਅਰ ਇੰਡੀਆ ਜਹਾਜ਼ ਵਿੱਚ ਧਮਾਕੇ ਵਾਲੀ ਘਟਨਾ ਦਾ ਵੀ ਜ਼ਿਕਰ ਕੀਤਾ।ਉਨ੍ਹਾਂ ਕਿਹਾ ਕਿ ਇਸ ਵਿੱਚ 327 ਲੋਕਾਂ ਦੀ ਮੌਤ ਹੋਈ ਸੀ।ਉਨ੍ਹਾਂ ਕਿਹਾ ਕਿ ਬੋਲਣ ਦੀ ਆਜ਼ਾਦੀ ਦੇ ਨਾਲ-ਨਾਲ ਜ਼ਿੰਮੇਵਾਰੀ ਵੀ ਜ਼ਰੂਰੀ ਹੈ।

---

ਲੀਡਰ ਹਾਜ਼ਮ ਕਰ ਗਏ।ਜਦੋਂ ਕਿ 1925 ਸ਼੍ਰੋਮਣੀ ਕਮੇਟੀ ਗੁਰਦੁਆਰਾ ਐਕਟ ਵਿੱਚ ਇਹ ਲਿਖਿਆ ਹੋਇਆ ਹੈ ਕਿ ਗੁਰੂ ਘਰ ਦੀ ਜਮੀਨ ਤੇ ਸੋਨਾ ਕੋਈ ਵੀ ਵੇਚ ਨਹੀਂ ਸਕਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਤਾਂ ਗੁਰੂ ਘਰਾਂ ਦੀ ਸੰਭਾਲ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਦੀ ਸੰਭਾਲ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਨੂੰ ਜਿਉਂ ਦੀ ਤਿਉਂ ਰੱਖਣ ਲਈ ਸੀ ਪਰ ਕਮੇਟੀ ਬਾਦਲ ਪਰਿਵਾਰ ਦੀ ਰਖੇਲ ਬਣ ਕੇ ਉਸ ਦੀ ਕੱਠ ਪੁੱਤਲੀ ਬਣ ਕੇ ਸੇਵਾ ਦੇ ਨਾ ਤੇ ਬਾਦਲ ਪਰਿਵਾਰ ਲਈ ਕੰਮ ਕਰ ਰਹੀ ਹੈ।ਧਰਮ ਤੇ ਸਿਆਸਤ ਕਾਬਜ਼ ਹੋ ਗਈ ਹੈ ਕਮੇਟੀ ਵਿੱਚ ਇਹ ਘਾਟਾ ਤਾਂ ਆਈਆਂ ਕਿਉਂਕਿ ਕਮੇਟੀ ਤੇ ਬਾਦਲ ਦੀ ਸਿਆਸਤ ਕਾਬਜ਼ ਹੈ ।ਇਸ ਲਈ ਸਿੱਖ ਕੌਮ ਨੂੰ ਚਾਹੀਦਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਸਿਆਸੀ ਰਹਿਤ ਤੋਂ ਨਰੋਲ ਗੁਰਸਿੱਖਾ ਨੂੰ ਵੋਟਾ ਪਾ ਕੇ ਸਿੱਖ ਪਾਰਲੀਮੈਂਟ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਾ ਕੇ ਭੇਜਣ ਤਾਂ ਜੋ ਗੁਰੂ ਘਰ ਦੀ ਮਰਿਆਦਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਿਧਾਂਤ ਨੂੰ ਜਿਉਂ ਦੇ ਤਿਉਂ ਰੱਖ ਸਕੀਏ। ਉਹਨਾਂ ਕਿਹਾ ਕਿ ਇਹਨਾ ਚੋਣਾਂ ਵਿੱਚ ਸਿੱਖਾਂ ਮੂਹਰੇ ਕੇਵਲ ਜਥੇਦਾਰ ਰਣਜੀਤ ਸਿੰਘ ਜੀ ਦੀ ਜਥੇਬੰਦੀ ਜ਼ੋ ਸਿਆਸਤ ਰਹਿਤ ਤੇ ਨਿਰੋਲ ਗੁਰਸਿੱਖਾਂ ਦੀ ਜਥੇਬੰਦੀ ਹੈ ਇਸ ਲਈ ਸਿੱਖ ਪੰਥਕ ਅਕਾਲੀ ਲਹਿਰ ਦੇ ਹਰ ਉਮੀਦਵਾਰ ਨੂੰ ਵੋਟਾਂ ਪਾ ਕੇ ਜਤਾਉਣ ਤੇ ਗੁਰੂ ਦੀਆਂ 'ਖੁਸ਼ੀਆਂ ਪ੍ਰਾਪਤ ਕਰਨ।

## ਕੇਂਦਰ ਨੇ ਦੋ ਸਿੱਖ ਜੱਜਾਂ ਦੇ ਨਾਵਾਂ ਨੂੰ ਮਨਜ਼ੂਰੀ ਨਾ ਦਿੱਤੀ

ਦਿੱਲੀ:ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਅਤੇ ਬਦਲੀ ਲਈ ਕਾਲੇਜੀਅਮ ਦੀ ਸਿਫ਼ਾਰਸ਼ ਨੂੰ ਮਨਜ਼ੂਰੀ ਦੇਣ ਵਿਚ ਕੇਂਦਰ ਦੇ ਰਵੱਈਏ ਨੂੰ ਮਨਮਰਜ਼ੀ ਵਾਲੇ ਢੰਗ ਨਾਲ ਚੋਣਵਾਂ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਚੰਗਾ ਸੰਦੇਸ਼ ਨਹੀਂ ਜਾਂਦਾ।

ਜਸਟਿਸ ਸੰਜੇ ਕਿਸ਼ਨ ਕੌਲ ਅਤੇ ਸੁਧਾਂਸ਼ੂ ਧੂਲੀਆ ਦੇ ਬੈਂਚ ਨੇ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨਾਲ ਸਬੰਧਤ ਮੁੱਦਾ ਉਠਾਉਂਦਿਆਂ ਕਿਹਾ ਕਿ ਜਿਨ੍ਹਾਂ ਦੋ ਸੀਨੀਅਰ ਵਿਅਕਤੀਆਂ ਦੇ ਨਾਵਾਂ ਦੀ ਸਿਫ਼ਾਰਸ਼ ਕੀਤੀ ਗਈ ਸੀ, ਉਨ੍ਹਾਂ ਦੀ ਨਿਯੁਕਤੀ ਹਾਲੇ ਤਕ ਨਹੀਂ ਕੀਤੀ ਗਈ।

ਬੈਂਚ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ ਵਜੋਂ ਨਿਯੁਕਤੀ ਲਈ ਵਕੀਲ ਹਰਮੀਤ ਸਿੰਘ ਗਰੇਵਾਲ ਅਤੇ ਦੀਪਇੰਦਰ ਸਿੰਘ ਨਲਵਾ ਦੇ ਨਾਵਾਂ ਨੂੰ ਮਨਜ਼ੂਰੀ ਦੇਣ 'ਚ ਸਰਕਾਰ ਦੀ ਅਸਫਲਤਾ ਦਾ ਹਵਾਲਾ ਦਿਤਾ। ਇਹ ਦੋਵੇਂ ਉਨ੍ਹਾਂ ਪੰਜ ਵਕੀਲਾਂ 'ਚ ਸ਼ਾਮਲ ਸਨ ਜਿਨ੍ਹਾਂ ਦੀ ਨਿਯੁਕਤੀ ਲਈ ਸੁਪਰੀਮ ਕੋਰਟ ਕਾਲੇਜੀਅਮ ਨੇ 17 ਅਕਤੂਬਰ ਨੂੰ ਸਿਫ਼ਾਰਸ਼ ਕੀਤੀ ਸੀ।2 ਨਵੰਬਰ ਨੂੰ ਕੇਂਦਰ ਸਰਕਾਰ ਨੇ ਤਿੰਨ ਹੋਰਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿਤੀ ਪਰ ਗਰੇਵਾਲ ਅਤੇ ਨਲਵਾ ਨੂੰ ਨਹੀਂ ਦਿੱਤੀ।


A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

24 ਨਵੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸੰਤ ਬਾਬਾ ਬਸੰਤ ਸਿੰਘ ਤੇ ਬਾਬਾ ਗਿਆਨ ਸਿੰਘ ਜੀ ਜੌਹਲਾਂ ਵਾਲਿਆਂ ਦੀ ਯਾਦ ਵਿਚ

25 ਨਵੰਬਰ ਦਿਨ ਸ਼ਨਿਚਰਵਾਰ ਪਾਠ ਸੁਖਮਨੀ ਸਾਹਿਬ ਤੇ ਲੰਗਰ ਕੀਰਤਨ ਤੇ ਕੁੜਮਾਈ ਦੀ ਰਸਮ ਮੱਖਣ ਸਿੰਘ ਪਰਿਵਾਰ ਵੱਲੋਂ ਦੁਪਹਿਰ 12 ਵਜੇ ਤੋਂ 2.30 ਵਜੇ ਤੱਕ

25 ਨਵੰਬਰ ਸ਼ਾਮ 5 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੀ ਖੁਸ਼ੀ ਵਿਚ:ਸੇਵਾ ਵੈਸਟ ਕੋਰਸ ਆਟੋ ਸੇਲਜ ਕੰਪਨੀ ਤੇ ਦੀਪ ਟਾਇਰ ਕੰਪਨੀ ਵੱਲੋਂ, ਮਾਤਾ ਸੁਰਿੰਦਰ ਕੌਰ ਗੋਸਲ ਦੇ ਸਮੂਹ ਪਰਿਵਾਰ ਵੱਲੋਂ ਅਤੇ ਸਮੂਹ ਸੰਗਤਾਂ ਵੱਲੋਂ

26 ਨਵੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9.30 ਵਜੇ ਹਾਲ ਨੰਬਰ 2 ਵਿਚ
ਜੌਹਲਾਂ ਵਾਲੇ ਮਹਾਂਪੁਰਸ਼ਾਂ ਦੀ ਯਾਦ ਵਿਚ ਉਪਰੰਤ ਕੀਰਤਨ ਕਥਾ ਦੀਵਾਨ ਸਜਣਗੇ।

27 ਨਵੰਬਰ ਦਿਨ ਸੋਮਵਾਰ ਸ਼ਾਮ ਭੋਗ ਸ੍ਰੀ ਅਖੰਡ ਪਾਠ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੀ ਖੁਸ਼ੀ ਵਿਚ।ਉਪਰੰਤ ਦੀਵਾਨ ਸਜਣਗੇ ਜਿਸ ਵਿਚ ਪੰਥ ਪ੍ਰਸਿੱਧ ਜਥੇ ਭਾਗ ਲੈਣਗੇ।ਕਥਾ ਸੰਤ ਬਾਬਾ ਜਗਜੀਤ ਸਿੰਘ ਜੀ ਖਾਰੇ ਵਾਲੇ ਕਰਨਗੇ।

ਨੋਟ:1ਦਸੰਬਰ ਤੋਂ 27 ਦਸੰਬਰ ਤੱਕ ਹਰ ਰੋਜ਼ ਸ਼ਾਮ 5.30 ਤੋਂ 6.30 ਵਜੇ ਤੱਕ ਸ਼ਹੀਦੀ ਦਿਹਾੜਿਆਂ ਦੇ ਸਬੰਧ ਵਿਚ ਗੁਰਮੰਤਰ ਦੇ ਸਿਮਰਨ ਹੋਣਗੇ।


27 ਦਸੰਬਰ ਤੋਂ 4 ਫਰਵਰੀ ਤੱਕ ਸਿਮਰਨ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਯਾਦ ਵਿਚ ਹੋਣਗੇ।

| ਰਾਗੀ ਜੱਥੇ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਭਾਈ ਗੁਰਬਿੰਦਰ ਸਿੰਘ ਗਾਲਿਬ ਲੁਧਿਆਣੇ ਵਾਲਿਆਂ ਦਾ ਜਥਾ | ਭਾਈ ਪ੍ਰਮਜੀਤ ਸਿੰਘ ਜੀ ਖਾਲਸਾ ਯੂਐਸਏ | 604-413-7171 |

ਨੋਟ:ਰੋਜਾਨਾ ਸ਼ਾਮ 7-8 ਵਜੇ ਤੱਕ ਭਾਈ ਪਰਮਜੀਤ ਸਿੰਘ ਖਾਲਸਾ ਆਸਾ ਦੀ ਵਾਰ ਦੀ ਕਥਾ ਸਰਵਣ ਕਰਵਾਉਂਦੇ ਹਨ

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਰਾਮਦੇਵ ਦੀ ਕੰਪਨੀ ਨੂੰ ਸੁਪਰੀਮ ਕੋਰਟ ਦੀ ਫਟਕਾਰ:ਗੁੰਮਰਾਹਕੁੰਨ ਇਸ਼ਤਿਹਾਰ ਬੰਦ ਕਰਨੇ ਹੋਣਗੇ

ਦਿੱਲੀ:-ਸੁਪਰੀਮ ਕੋਰਟ ਨੇ ਆਧੁਨਿਕ ਦਵਾਈ ਪ੍ਰਣਾਲੀਆਂ ਵਿਰੁੱਧ ਗੁੰਮਰਾਹਕੁੰਨ ਦਾਅਵਿਆਂ ਅਤੇ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਲਈ ਪਤੰਜਲੀ ਆਯੁਰਵੇਦ ਨੂੰ ਫਟਕਾਰ ਲਗਾਈ ਹੈ। ਲਾਈਵ ਲਾਅ ਦੇ ਮੁਤਾਬਕ, ਗੁੰਮਰਾਹਕੁੰਨ ਇਸ਼ਤਿਹਾਰਾਂ ਦੇ ਖਿਲਾਫ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐੱਮ.ਏ.) ਦੁਆਰਾ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ, ਅਦਾਲਤ ਨੇ ਕੰਪਨੀ ਨੂੰ ਸਖਤ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪਤੰਜਲੀ ਆਯੁਰਵੇਦ ਦੇ ਅਜਿਹੇ ਸਾਰੇ ਝੂਠੇ ਅਤੇ ਗੁੰਮਰਾਹਕੁੰਨ ਇਸ਼ਤਿਹਾਰਾਂ ਨੂੰ ਬੰਦ ਕਰ ਕਰਨਾ ਹੋਵੇਗਾ।

ਜਸਟਿਸ ਅਮਾਨਉੱਲ੍ਹਾ ਨੇ ਕਿਹਾ ਕਿ ਅਦਾਲਤ ਅਜਿਹੀ ਕਿਸੇ ਵੀ ਉਲੰਘਣਾ ਨੂੰ ਬਹੁਤ ਗੰਭੀਰਤਾ ਨਾਲ ਲਵੇਗੀ ਅਤੇ ਹਰੇਕ ਉਤਪਾਦ 'ਤੇ 1 ਕਰੋੜ ਰੁਪਏ ਦਾ ਜੁਰਮਾਨਾ ਲਗਾਏਗੀ ਜੋ ਝੂਠਾ ਦਾਅਵਾ ਕਰਦਾ ਹੈ ਕਿ ਇਹ ਉਤਪਾਦ ਕਿਸੇ ਖਾਸ ਬਿਮਾਰੀ ਦਾ 'ਇਲਾਜ' ਕਰ ਸਕਦਾ ਹੈ। ਇਸ ਤੋਂ ਬਾਅਦ ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਪਤੰਜਲੀ ਆਯੁਰਵੇਦ ਭਵਿੱਖ ਵਿੱਚ ਅਜਿਹਾ ਕੋਈ ਵੀ ਇਸ਼ਤਿਹਾਰ ਪ੍ਰਕਾਸ਼ਿਤ ਨਹੀਂ ਕਰੇਗੀ ਅਤੇ ਇਹ ਵੀ ਯਕੀਨੀ ਬਣਾਏਗੀ ਕਿ ਪ੍ਰੈਸ ਵਿੱਚ ਹਲਕੇ ਬਿਆਨ ਨਾ ਦਿੱਤੇ ਜਾਣ। ਬੈਂਚ ਨੇ ਇਹ ਵੀ ਕਿਹਾ ਕਿ ਉਹ ਇਸ ਮੁੱਦੇ ਨੂੰ 'ਐਲੋਪੈਥੀ ਬਨਾਮ ਆਯੁਰਵੇਦ' ਨਹੀਂ ਬਣਾਉਣਾ ਚਾਹੁੰਦਾ ਪਰ ਇਸ ਦਾ ਉਦੇਸ਼ ਗੁੰਮਰਾਹਕੁੰਨ ਮੈਡੀਕਲ ਇਸ਼ਤਿਹਾਰਾਂ ਦੀ ਸਮੱਸਿਆ ਦਾ ਅਸਲ ਹੱਲ ਲੱਭਣਾ ਹੈ।




# ਰਾਜਸਥਾਨ ਵਿਧਾਨ ਸਭਾ ਚੋਣ ਪ੍ਰਚਾਰ ਵਿੱਚ ਹਿੰਦੂਤਵੀ ਆਗੂਆਂ ਨੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ

ਨਵੀਂ ਦਿੱਲੀ- ਰਾਜਸਥਾਨ 'ਚ 25 ਨਵੰਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਹਿੰਦੂਤਵ ਨੇਤਾਵਾਂ ਵੱਲੋਂ ਮੁਸਲਿਮ ਵਿਰੋਧੀ ਨਫਰਤ ਭਰੇ ਭਾਸ਼ਣ ਦਿੱਤੇ ਜਾ ਰਹੇ ਹਨ।ਸਾਰੇ ਭਾਸ਼ਣਾਂ ਵਿੱਚ, ਭਾਜਪਾ ਅਤੇ ਹਿੰਦੂਤਵ ਦੇ ਨਾਇਕਾਂ ਨੇ ਬੇਝਿਜਕ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਦੀਆਂ ਵੰਡੀਆਂ ਪਾਉਣ ਵਾਲੀਆਂ ਨੀਤੀਆਂ ਦਾ ਪ੍ਰਚਾਰ ਕੀਤਾ।ਜਬਰੀ ਧਰਮ ਪਰਿਵਰਤਨ ਨਾਲ ਜੁੜੀਆਂ ਮੁਸਲਿਮ ਵਿਰੋਧੀ ਵਿਸ਼ਿਆਂ ਅਤੇ ਸਾਜ਼ਿਸ਼ਾਂ ਦਾ ਇੱਕ ਸਾਂਝਾ ਧਾਗਾ, "ਲਵ ਜੇਹਾਦ", ਹਿੰਦੂ ਧਾਰਮਿਕ ਢਾਂਚੇ ਨੂੰ ਢਾਹੁਣਾ ਅਤੇ ਰੋਹਿੰਗਿਆਂ ਦੇ ਗੈਰ-ਕਾਨੂੰਨੀ ਪਰਵਾਸ ਨੂੰ ਲਗਭਗ ਸਾਰੇ ਭਾਸ਼ਣਾਂ ਵਿੱਚ ਦੇਖਿਆ ਜਾ ਸਕਦਾ ਹੈ।ਅਜਮੇਰ ਤੋਂ ਲਗਭਗ 80 ਕਿਲੋਮੀਟਰ ਦੂਰ ਕੇਕਰੀ ਸ਼ਹਿਰ ਵਿੱਚ, ਭਾਜਪਾ ਨੇਤਾ ਸ਼ਤਰੂਘਨ ਗੌਤਮ ਨੇ ਵੋਟਰਾਂ ਨੂੰ ਭੜਕਾਉਣ ਅਤੇ ਧਰੁਵੀਕਰਨ ਕਰਨ ਲਈ ਕਸ਼ਮੀਰੀ ਪੰਡਿਤਾਂ ਦੇ ਪਲਾਇਨ ਦਾ ਮੁੱਦਾ ਉਠਾਇਆ। ਉਸਨੇ ਹਿੰਦੂ ਧਰਮ ਦੇ ਵਿਰੁੱਧ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਹਿੰਸਾ ਦੀ ਵਕਾਲਤ ਕੀਤੀ। "ਸਨਾਤਨ ਦੇ ਵਿਰੁੱਧ ਉੱਠਣ ਵਾਲੀ ਹਰ ਅੱਖ ਨੂੰ ਨਸ਼ਟ ਕਰ ਦਿੱਤਾ ਜਾਵੇਗਾ, ਹਰ ਉਹ ਹੱਥ ਜੋ ਸਨਾਤਨ ਦੇ ਵਿਰੁੱਧ ਉਠਾਇਆ ਜਾਵੇਗਾ ਕੱਟ ਦਿੱਤਾ ਜਾਵੇਗਾ। ਇਹ ਹਿੰਦੂ ਸੰਤਾਂ ਦੀ ਧਰਤੀ ਹੈ, "ਉਸਨੇ 16 ਨਵੰਬਰ ਨੂੰ ਆਪਣੇ ਭਾਸ਼ਣ ਵਿੱਚ ਕਿਹਾ।ਕੋਟਾ ਜ਼ਿਲ੍ਹੇ ਦੀ ਪਿਪਲਦਾ ਤਹਿਸੀਲ ਵਿੱਚ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ 1992 ਵਿੱਚ ਬਾਬਰੀ ਮਸਜਿਦ ਢਾਹੇ ਜਾਣ ਵਿੱਚ ਆਪਣੀ ਸ਼ਮੂਲੀਅਤ ਬਾਰੇ ਜ਼ਿਕਰ ਕੀਤਾ, ਵਿਵਾਦਪੂਰਨ ਅਤੇ ਹਿੰਸਕ ਨਾਅਰੇ ਵੀ ਲਾਏ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



The Builder's Direct

Experienced & Honest


Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.


Call For Free Estimates

Parminder Singh: 604-787-7838

604-593-7755

12652-82 Ave, Surrey BC

# ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਖਾਲਸਾ ਸਰਕਾਰ ਦੀਆਂ ਜ਼ਮੀਨਾਂ ਉੱਤੇ ਪੌਣੇ ਦੋ ਸੌ ਸਾਲ ਬਾਅਦ ਵੀ ਪਾਕਿਸਤਾਨ ‘ਚ ਵਿਵਾਦ



ਲਾਹੌਰ:ਪਾਕਿਸਤਾਨ ਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਵਡੇਰੇ ਕਰੀਬ 200 ਸਾਲ ਪਹਿਲਾਂ ਇੱਥੇ ਆ ਕੇ ਵਸੇ ਸਨ, ਪਰ ਪਾਕਿਸਤਾਨ ਸਰਕਾਰ ਇਸ ਨੂੰ ਖਾਲਸਾ ਸਰਕਾਰ ਦੀਆਂ ਜ਼ਮੀਨਾਂ ਦੱਸ ਕੇ ਐਕਵਾਇਰ ਕਰ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਉੱਤੇ ਰਾਜ ਨੂੰ ਖਾਲਸਾ ਸਰਕਾਰ ਕਿਹਾ ਜਾਂਦਾ ਸੀ, ਜਿਸ ਦੀਆਂ ਸਰਹੱਦਾਂ ਸਤਲੁਜ ਦਰਿਆ ਤੇ ਖੈਬਰ ਦੱਰੇ ਤੱਕ ਹੁੰਦੀਂ ਸਨ। ਭਾਰਤ-ਪਾਕਿਸਤਾਨ ਦਾ ਬਹੁਤ ਸਾਰਾ ਇਲਾਕਾ ਇਸ ਦੇ ਤਹਿਤ ਆਉਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ 1849 ਵਿੱਚ ਅੰਗਰੇਜ਼ ਹਕੂਮਤ ਨੇ ਰਾਜ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਮਹਾਰਾਜਾ ਦੇ ਵਾਰਿਸ ਦਲੀਪ ਸਿੰਘ ਨੂੰ ਬਾਲ ਉਮਰ ਵਿੱਚ ਹੀ ਇੰਗਲੈਂਡ ਭੇਜ ਦਿੱਤਾ ਸੀ। ਗਿਲਗਿਤ-ਬਾਲਟਿਸਤਾਨ ਦਾ ਇਲਾਕੇ ਵਿੱਚ ਸਥਾਨਕ ਲੋਕਾਂ ਅਤੇ ਸਰਕਾਰ ਵਿਚਾਲੇ ਖਾਲਸਾ ਸਰਕਾਰ ਦੀਆਂ ਜ਼ਮੀਨਾਂ ਦੇ ਨਾਂ ਉੱਤੇ ਝਗੜਾ ਚੱਲ ਰਿਹਾ ਹੈ। ਗਿਲਗਿਤ-ਬਾਲਟਿਸਤਾਨ ਦਾ ਖੇਤਰ ਸੈਰ-ਸਪਾਟੇ ਲਈ ਵੀ ਮਸ਼ਹੂਰ ਹੈ, ਪਰ ਸੈਰ-ਸਪਾਟੇ ਤੋਂ ਇਲਾਵਾ ਇਹ ਇਲਾਕਾ ਕਈ ਸਮੱਸਿਆਵਾਂ ਨਾਲ ਵੀ ਘਿਰਿਆ ਹੋਇਆ ਹੈ, ਜਿਨ੍ਹਾਂ ‘ਚੋਂ ਇੱਕ ਮੁੱਦਾ ਹੈ - ਜ਼ਮੀਨ ਦੀ ਮਾਲਕੀ ਦਾ। ਸਥਾਨਕ ਲੋਕਾਂ ਨਾਲ ਗੱਲਬਾਤ ਕਰਨ ‘ਤੇ ਪਤਾ ਲੱਗਿਆ ਕਿ ਇਹ ਝਗੜਾ ਇੱਕ-ਦੋ ਪਿੰਡਾਂ ਦਾ ਨਹੀਂ ਸਗੋਂ ਕਈ ਇਲਾਕਿਆਂ ਦਾ ਹੈ, ਜੋ ‘ਖਾਲਸਾ ਸਰਕਾਰ’ ਦੇ ਨਾਂ ‘ਤੇ ਲਈਆਂ ਗਈਆਂ ਜ਼ਮੀਨਾਂ ਦੇ ਕਾਨੂੰਨ ਨੂੰ ਖ਼ਤਮ ਕਰਨਾ ਚਾਹੁੰਦੇ ਹਨ।

ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਕਾਰ ਨੇ ਕਈ ਥਾਵਾਂ ਤੋਂ ਪਹਿਲਾਂ ਇਹ ਕਹਿ ਕੇ ਬੇਦਖ਼ਲ ਕਰ ਦਿੱਤਾ ਸੀ ਕਿ ਉਨ੍ਹਾਂ ਥਾਵਾਂ ਦੇ ਕਾਗਜ਼ਾਤ ਉਨ੍ਹਾਂ ਕੋਲ ਨਹੀਂ ਹਨ।

ਉਹ ਕਹਿੰਦੇ ਹਨ, “ਪਹਿਲੇ ਸਮਿਆਂ ਵਿੱਚ ਕੋਈ ਦਸਤਾਵੇਜ਼ ਨਹੀਂ ਸਨ। ਸਾਡੇ ਪੂਰਵਜ ਇੱਥੇ ਵਸ ਗਏ ਸਨ ਅਤੇ ਉਨ੍ਹਾਂ ਦੇ ਪਸ਼ੂਆਂ ਲਈ ਚਾਰਾ ਇਸੇ ਜ਼ਮੀਨ ਨੇ ਦਿੱਤਾ ਸੀ।”ਫਿਰ ਸਰਕਾਰ ਨੇ ਕਿਹਾ ਕਿ ਇਹ ਸਾਰੀਆਂ ਜ਼ਮੀਨਾਂ ‘ਖਾਲਸਾ ਸਰਕਾਰ’ ਦੇ ਕਾਨੂੰਨ ਤਹਿਤ ਸਰਕਾਰ ਦੀਆਂ ਹਨ। ਲੋਕ ਕਹਿੰਦੇ ਹਨ ਕਿ ‘’ਸਥਿਤੀ ਇਹ ਬਣ ਗਈ ਹੈ ਕਿ ਹੁਣ ਸਾਡੇ ਰਹਿਣ ਦੀ ਥਾਂ ਤੰਗ ਹੋ ਗਈ ਹੈ ਕਿਉਂਕਿ ਸਾਨੂੰ ਸਾਡੀਆਂ ਜ਼ਮੀਨਾਂ ਤੋਂ ਪਿੱਛੇ ਧੱਕ ਕੇ ਪਹਾੜਾਂ ਵਿੱਚ ਭੇਜ ਦਿੱਤਾ ਗਿਆ ਹੈ।‘’

‘ਖਾਲਸਾ ਸਰਕਾਰ’ ਸ਼ਬਦ ਗਿਲਗਿਤ-ਬਾਲਟਿਸਤਾਨ ਦੀ ਸਿੱਖ ਸਰਕਾਰ ਲਈ ਵਰਤਿਆ ਜਾਂਦਾ ਹੈ ਜੋ 1799 ਤੋਂ 1849 ਤੱਕ ਚੱਲੀ ਸੀ। ਗਿਲਗਿਤ ਦੇ ਅੰਦਰ ਅਤੇ ਬਾਹਰ ਸਿੱਖ ਸਾਮਰਾਜ ਦੇ ਕਬਜ਼ੇ ਵਾਲੀਆਂ ਜ਼ਮੀਨਾਂ ਨੂੰ ‘ਖਾਲਸਾ ਸਰਕਾਰ ਜ਼ਮੀਨ’ ਵਜੋਂ ਜਾਣਿਆ ਜਾਂਦਾ ਹੈ। ਖਾਲਸਾ ਸਰਕਾਰ ਦੇ ਕਾਨੂੰਨ ਤਹਿਤ, ਸਰਕਾਰ ਨੇ ਗੰਜਨਾਬਾਦ (ਜਾਂ ਖਾਲੀ) ਜ਼ਮੀਨ ‘ਤੇ ਕਬਜ਼ਾ ਕਰ ਲਿਆ ਅਤੇ ਉਪ-ਮਹਾਂਦੀਪ ਦੀ ਵੰਡ ਤੋਂ ਬਾਅਦ, ਇਹ ਕਾਨੂੰਨ ਅਜੇ ਵੀ ਪਾਕਿਸਤਾਨ ਵਿੱਚ ਪ੍ਰਚਲਿਤ ਹੈ।

ਇਸ ਵੇਲੇ ਚਲਮਾਸ, ਮਕਸੂਦਾਂ, ਦਾਸ, ਕਨੋਦਾਸ ਅਤੇ ਡਾਂਗਦਾਸ ਵਿੱਚ ਜ਼ਮੀਨ ਦੀ ਮਾਲਕੀ ਦਾ ਝਗੜਾ ਚੱਲ ਰਿਹਾ ਹੈ। ਸਰਕਾਰ ਨੇ ਖਾਲਸਾ ਸਰਕਾਰ ਦੀਆਂ ਜ਼ਮੀਨਾਂ ‘ਤੇ ਧਾਰਾ 144 ਲਗਾਈ ਹੋਈ ਹੈ।‘’

ਕਬਜ਼ਾ ਕਰਕੇ ਬੈਠੇ ਲੋਕਾਂ ਨੇ ਕਿਹਾ ਕਿ ਖਾਲਸਾ ਸਰਕਾਰ ਦੇ ਕਾਨੂੰਨ ਨੂੰ ਗ਼ਲਤ ਤਰੀਕੇ ਨਾਲ ਵਰਤਿਆ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਜ਼ਮੀਨ ਦੀ ਮਾਲਕੀ ਦਾ ਸਾਰਾ ਮਾਮਲਾ ਖਾਲਸਾ ਸਰਕਾਰ ’ਤੇ ਆ ਜਾਂਦਾ ਹੈ। ਹਾਲ ਹੀ ਵਿੱਚ ਸਥਾਨਕ ਲੋਕਾਂ ਨੇ ਵੀ ਸਿਆਸਤਦਾਨਾਂ ਨੂੰ ਗਿਲਗਿਤ-ਬਾਲਟਿਸਤਾਨ ਵਿਧਾਨ ਸਭਾ ਵਿੱਚ ਮਤਾ ਪੇਸ਼ ਕਰਨ ਲਈ ਮਜਬੂਰ ਕੀਤਾ ਸੀ। ਮਤੇ ਤਹਿਤ, ਸਥਾਨਕ ਲੋਕਾਂ ਨੇ ਨਵ-ਜਨਸੰਖਿਆ ਕਾਨੂੰਨਾਂ ਨੂੰ ਖ਼ਤਮ ਕਰਨ, ਲੋਕਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਾਲਕੀ ਦਾ ਅਧਿਕਾਰ ਦੇਣ ਅਤੇ ਗਿਲਗਿਤ ਲਈ ਸੀਪੀਈਸੀ ਪ੍ਰੋਜੈਕਟਾਂ ਵਿੱਚ ਹਿੱਸੇ ਦੀ ਮੰਗ ਕੀਤੀ ਹੈ। ਪਰ ਕੀ ਅਜਿਹਾ ਕਰਨ ਨਾਲ ਉਨ੍ਹਾਂ ਦੀਆਂ ਜ਼ਮੀਨਾਂ ਬਚ ਜਾਣਗੀਆਂ ਜਾਂ ਬਦਲੇ ਵਿੱਚ ਉਨ੍ਹਾਂ ਨੂੰ ਮੁਆਵਜ਼ਾ ਮਿਲੇਗਾ, ਇਸ ਦੀ ਫਿਲਹਾਲ ਕੋਈ ਗਾਰੰਟੀ ਨਹੀਂ ਹੈ।

## ਬੰਗਾਲ ਦੇ ਰਾਜਪਾਲ ਨੇ ਲਾਇਆ ਜਸੂਸੀ ਦਾ ਦੋਸ਼

ਕਲਕੱਤਾ:ਪੱਛਮੀ ਬੰਗਾਲ ਦੇ ਰਾਜਪਾਲ ਸੀਵੀ ਆਨੰਦ ਬੋਸ ‘ਨੇ ਰਾਜ ਭਵਨ ‘ਚ ‘ਜਾਸੂਸੀ’ ਕਰਨ ਦਾ ਦੋਸ਼ ਲਗਾਇਆ ਹੈ। ਲਾਈਵ ਮਿੰਟ ਦੇ ਅਨੁਸਾਰ, ਬੋਸ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ‘ਭਰੋਸੇਯੋਗ ਸੂਚਨਾ’ ਮਿਲੀ ਹੈ ਅਤੇ ਇਹ ਮਾਮਲਾ ਸਬੰਧਤ ਅਧਿਕਾਰੀਆਂ ਕੋਲ ਉਠਾਇਆ ਗਿਆ ਹੈ। ਹਾਲਾਂਕਿ ਬੋਸ ਨੇ ਇਸ ਦੇ ਪਿੱਛੇ ਕਿਸ ਦਾ ਹੱਥ ਹੋ ਸਕਦਾ ਹੈ ਇਸ ਬਾਰੇ ਕੁਝ ਨਹੀਂ ਕਿਹਾ। ਸਤੰਬਰ ਵਿੱਚ, ਰਾਜ ਦੀ ਪੁਲਿਸ ਉੱਤੇ ਬੋਸ ਦੀਆਂ ਗਤੀਵਿਧੀਆਂ ਦੀ ਕਥਿਤ ਤੌਰ ‘ਤੇ ਨਿਗਰਾਨੀ ਕਰਨ ਦੇ ਦੋਸ਼ ਲੱਗਣ ਤੋਂ ਬਾਅਦ, ਰਾਜ ਭਵਨ ਦੇ ਦਫ਼ਤਰ ਅਤੇ ਰਿਹਾਇਸ਼ੀ ਹਿੱਸਿਆਂ ਵਿੱਚ ਕੋਲਕਾਤਾ ਪੁਲਿਸ ਦੀ ਥਾਂ ਸੀਆਰਪੀਐਫ ਦੇ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਸੀ।

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads



Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# (ਮੁੱਖ ਪੰਨੇ ਦੀ ਬਾਕੀ)

ਮੁਰੈਨਾ ਅਧੀਨ ਆਉਂਦੇ ਵਿਧਾਨ ਸਭਾ ਹਲਕੇ ਦਿਮਨੀ ਤੋਂ ਚੋਣ ਲੜ ਰਹੇ ਹਨ, ਦਾ ਕਹਿਣਾ ਹੈ ਕਿ ਇਹ ਉਹਨਾਂ ਤੇ ਉਹਨਾਂ ਦੇ ਪਰਿਵਾਰ ਖਿਲਾਫ ਵਿਰੋਧੀਆਂ ਦੀ ਇਕ ਗਹਿਰੀ ਸਾਜਿਸ਼ ਹੈ। ਉਹਨਾਂ ਇਹਨਾਂ ਵੀਡੀਓਜ਼ ਨੂੰ ਝੂਠ ਕਰਾਰ ਦਿੰਦਿਆਂ ਟਵੀਟ ਵੀ ਕੀਤਾ ਤੇ ਉਹਨਾਂ ਦੇ ਪੁੱਤਰ ਦਵਿੰਦਰ ਪ੍ਰਤਾਪ ਸਿੰਘ ਤੋਮਰ ਵਲੋਂ ਪੁਲਿਸ ਥਾਣੇ ਵਿਚ ਰਿਪੋਰਟ ਦਰਜ ਕਰਵਾਈ ਗਈ ਹੈ।

ਦੇਸ ਪ੍ਰਦੇਸ਼ ਟਾਈਮਜ਼ ਵਲੋਂ ਐਬਸਫੋਰਡ ਵਾਸੀ ਤੇ ਕਾਰੋਬਾਰੀ ਜਗਮਨਦੀਪ ਸਿੰਘ ਸਮਰਾ ਨਾਲ ਇਕ ਵਿਸ਼ੇਸ਼ ਗੱਲਬਾਤ ਦੌਰਾਨ ਉਸਨੇ ਵਾਇਰਲ ਹੋਈਆਂ ਇਹਨਾਂ ਵੀਡੀਓਜ਼ ਦੀ ਸਚਾਈ ਬਿਆਨ ਕਰਦਿਆਂ ਦਾਅਵਾ ਕੀਤਾ ਹੈ ਕਿ ਇਹ ਵੀਡੀਓਜ਼ ਝੂਠੀਆਂ ਨਹੀ ਬਲਕਿ ਅਸਲੀ ਹਨ। ਉਹਨਾਂ ਦਾ ਕਹਿਣਾ ਹੈ ਕਿ ਖੇਤੀ ਮੰਤਰੀ ਤੋਮਰ ਦੇ ਪੁੱਤਰ ਦਵਿੰਦਰ ਤੋਮਰ ਨਾਲ ਹਵਾਲਾ ਦੇ ਕਰੋੜਾਂ ਰੁਪਏ ਦੇ ਲੈਣ ਦੇਣ ਦੀ ਗੱਲਬਾਤ ਸਬੰਧੀ ਕੁਲ 7 ਵੀਡੀਓਜ਼ ਹਨ। ਉਸਨੇ ਇਹਨਾਂ ਵੀਡੀਓਜ ਉਪਰ ਸਵਾਲ ਕਰਨ ਵਾਲੇ ਲੋਕਾਂ ਅਤੇ ਮੀਡੀਆ ਨੂੰ ਚੁਣੌਤੀ ਦਿੱਤੀ ਹੈ ਕਿ ਆਪਣੀ ਗੱਲ ਦੇ ਸਮਰਥਨ ਵਿਚ ਹਰ ਸਬੂਤ ਦੇਣ ਨੂੰ ਤਿਆਰ ਹੈ।

ਜਗਮਨਦੀਪ ਸਿੰਘ ਨੇ ਇਹਨਾਂ ਦੋ ਵੀਡੀਓਜ਼ ਦੇ ਜਾਰੀ ਹੋਣ ਉਪਰੰਤ ਖੁਦ ਸੋਸ਼ਲ ਮੀਡੀਆ ਉਪਰ ਤੀਸਰੀ ਵੀਡੀਓ ਰਾਹੀਂ ਖੇਤੀ ਮੰਤਰੀ ਤੋਮਰ ਦੇ ਦੋਵਾਂ ਪੁੱਤਰਾਂ ਤੇ ਪਰਿਵਾਰ ਨਾਲ ਆਪਣੀ ਨੇੜਤਾ ਦਾ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਕਿਵੇਂ ਉਹ ਕੋਵਿਡ ਲਾਕਡਾਊਨ ਦੌਰਾਨ ਲਗਪਗ ਤਿੰਨ ਮਹੀਨੇ ਦਿੱਲੀ ਸਥਿਤ ਮੰਤਰੀ ਦੀ ਕੋਠੀ ਵਿਚ ਰਿਹਾ ਤੇ ਪਰਿਵਾਰ ਵਲੋਂ ਉਸਨੂੰ ਆਉਣ ਜਾਣ ਲਈ ਸਰਕਾਰੀ ਗੱਡੀ ਤੇ ਡਰਾਈਵਰ ਦੀ ਸਹੂਲਤ ਦਿੱਤੀ ਗਈ। ਉਹ ਤੋਮਰ ਪਰਿਵਾਰ ਦੀ ਨੂੰਹ ਲਈ ਮਹਿੰਗੇ ਤੋਹਫੇ ਵੀ ਭੇਜਦਾ ਰਿਹਾ। ਉਸਦਾ ਦਾਅਵਾ ਹੈ ਕਿ ਖੇਤੀ ਮੰਤਰੀ ਤੋਮਰ ਦੇ ਪੁੱਤਰ ਦਵਿਦਰ ਤੋਮਰ ਨੇ ਉਸਦੀ ਸਹਾਇਤਾ ਨਾਲ ਕਿਵੇਂ ਕਰੋੜਾਂ ਰੁਪਏ ਹਵਾਲਾ ਰਾਹੀਂ ਕੈਨੇਡਾ ਲਿਆਂਦੇ ਤੇ ਨਿਊ ਬਰੰਸਵਿਕ ਵਿਚ 100 ਏਕੜ ਦਾ ਫਾਰਮ ਖਰੀਦਿਆ ਗਿਆ ਜਿਸ ਉਪਰ ਮਰਵਾਨਾ ਦੀ ਖੇਤੀ ਲਈ ਪਲਾਂਟ ਵੀ ਲਗਾਇਆ ਗਿਆ ਹੈ। ਭਾਵੇਂਕਿ ਉਸਦਾ ਦਾਅਵਾ ਹੈ ਕਿ ਹਵਾਲੇ ਰਾਹੀ ਕੈਨੇਡਾ ਵਿਚ 100-200 ਕਰੋੜ ਜਾਂ 500 ਕਰੋੜ ਰੁਪਏ ਨਹੀ ਬਲਕਿ ਹਜਾਰਾਂ ਕਰੋੜਾਂ ਦਾ ਕਾਰੋਬਾਰ ਕੀਤਾ ਗਿਆ ਹੈ। ਪਰ ਕੋਲ ਉਹ ਸਬੂਤ ਹਨ ਜੋ ਇਹ ਬਿਆਨ ਕਰਦੇ ਹਨ ਕਿ ਦਵਿੰਦਰ ਤੋਮਰ ਨੇ ਇਕੱਲਾ ਉਸਦੇ ਰਾਹੀਂ ਹੀ ਲਗਪਗ 650 ਕਰੋੜ ਰੁਪਏ ਕੈਨੇਡਾ ਵਿਚ ਉਸਦੇ ਦੋ ਬੈਂਕ ਖਾਤਿਆਂ- ਆਰ ਬੀ ਸੀ ਅਤੇ ਆਈ ਸੀ ਆਈ ਸੀ ਆਈ ਬੈਂਕ ਰਾਹੀਂ ਭੇਜੇ। ਉਸਨੇ ਆਪਣੇ ਬੈਂਕ ਖਾਤਿਆਂ ਦੀ ਤਫਸੀਲ ਦਸਦਿਆਂ ਖੁਲਾਸਾ ਕੀਤਾ ਹੈ ਕਿ 100 ਕਰੋੜ ਦੇ ਕਰੀਬ ਉਸਨੂੰ ਵਾਇਰ ਰਾਹੀਂ ਭਾਜਪਾ ਆਗੂ ਤੇ ਉਸ ਸਮੇਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਰਹੇ ਸ ਮਨਜਿੰਦਰ ਸਿੰਘ ਸਿਰਸਾ ਰਾਹੀਂ ਵੀ ਪ੍ਰਾਪਤ ਹੋਏ ਹਨ। ਇਸ ਮਕਸਦ ਲਈ ਉਸਨੇ ਕਰੋਨਾ ਕਾਲ ਦੌਰਾਨ ਆਕਸੀਜਨ ਕੰਨਸਨਟਰੇਟਰ ਤੇ ਹੋਰ ਮੈਡੀਕਲ ਉਪਕਰਣ ਦੇ ਬਿਲ ਬਣਾਏ ਜਿਹਨਾਂ ਦੇ ਆਧਾਰ ਤੇ ਇਹ ਪੈਸੇ ਉਸਦੇ ਖਾਤਿਆਂ ਵਿਚ ਤਬਦੀਲ ਹੋਏ। ਉਸਦਾ ਦਾਅਵਾ ਹੈ ਕਿ ਤੋਮਰ ਪਰਿਵਾਰ ਜਾਂ ਜੋਰਜੀਆ ਵਿਚ ਵਸਦੇ ਤੋਮਰ ਭਰਾਵਾਂ ਦੇ ਕਜ਼ਨ ਰੋਹਿਤ ਬਈਆ ( ਤੋਮਰ) ਵਲੋਂ ਜੋ ਵੀ ਕੈਨੇਡਾ ਵਿਚ ਜ਼ਮੀਨ ਖਰੀਦਣ ਜਾਂ ਕਾਰੋਬਾਰ ਕਰਨ ਲਈ ਪੈਸਾ ਹਵਾਲਾ ਰਾਹੀਂ ਲਿਆਂਦਾ ਗਿਆ ਹੈ, ਉਸਦੇ ਉਸ ਪਾਸ ਪੱਕੇ ਸਬੂਤ ਹਨ। ਨਿਊ ਬਰੰਸਵਿਕ ਵਿਚ ਇਕ ਕੰਪਨੀ ਦੇ ਨਾਮ ਪਹਿਲਾਂ 100 ਏਕੜ ਜ਼ਮੀਨ ਖਰੀਦੀ ਗਈ ਸੀ ਜੋ ਸ਼ਾਇਦ ਹੁਣ 750 ਏਕੜ ਦੇ ਕਰੀਬ ਹੈ। ਉਸ ਜਮੀਨ ਉਪਰ ਮਰਵਾਨਾ ਦੀ ਖੇਤੀ ਅਤੇ ਪਲਾਂਟ ਵੀ ਲੱਗਾ ਹੋਇਆ ਹੈ।

**ਤੋਮਰ ਪਰਿਵਾਰ ਨਾਲ ਸਾਂਝ ਕਿਵੇਂ ਪਈ-**

ਜਗਮਨਦੀਪ ਸਿੰਘ ਦਾ ਕਹਿਣਾ ਹੈ ਕਿ ਉਸਦਾ ਐਬਸਫੋਰਡ ਤੇ ਚਿਲਾਵੈਕ ਵਿਚ ਬਲੂ ਬੇਰੀ ਤੇ ਮਰਵਾਨਾ ਦੀ ਖੇਤੀ ਦੀ ਕਾਰੋਬਾਰ ਹੈ। ਉਹ ਅਕਸਰ ਫੇਸਬੁੱਕ ਅਤੇ ਇੰਸਟਰਾਗਰਾਮ ਉਪਰ ਆਪਣੇ ਕਾਰੋਬਾਰ ਤੇ ਆਪਣੇ ਨਿੱਜੀ ਸ਼ੌਕ ਜਿਹਨਾਂ ਵਿਚ ਹਥਿਆਰ ਅਤੇ ਚੰਗੀ ਨਸਲ ਦੇ ਕੁੱਤੇ ਸ਼ਾਮਿਲ ਹਨ, ਦੀਆਂ ਤਸਵੀਰਾਂ ਪਾਉਂਦਾ ਰਹਿੰਦਾ ਸੀ। ਇੰਸਟਾਗਰਾਮ ਦੇ ਜਰੀਏ ਹੀ ਉਸਦੀ ਖੇਤੀ ਮੰਤਰੀ ਤੋਮਰ ਦੇ ਛੋਟੇ ਬੇਟੇ ਪ੍ਰਬਲ ਪ੍ਰਤਾਪ ਸਿੰਘ ਨਾਲ ਪਛਾਣ ਹੋਈ। ਉਹ ਇੰਡੀਆ ਗਿਆ ਤਾਂ ਕਈ ਮਹਿੰਗੇ ਤੋਹਫੇ ਪ੍ਰਬਲ ਤੇ ਪਰਿਵਾਰ ਲਈ ਲੈਕੇ ਗਿਆ। ਜਾਣ ਪਛਾਣ ਦੋਸਤੀ ਵਿਚ ਬਦਲ ਗਈ ਤੇ ਪ੍ਰਬਲ ਨੇ ਉਸਨੂੰ ਆਪਣੇ ਵੱਡੇ ਭਰਾ ਦਵਿੰਦਰ ਤੋਮਰ ਨਾਲ ਮਿਲਾਇਆ। ਦਵਿੰਦਰ ਤੋਮਰ ਨੇ ਮੇਲ ਜੋਲ ਦੌਰਾਨ ਕੈਨੇਡਾ ਵਿਚ ਜ਼ਮੀਨ ਖਰੀਦਣ ਤੇ ਮਰਵਾਨਾ ਦੀ ਖੇਤੀ ਵਿਚ ਪੈਸਾ ਲਗਾਉਣ ਦੀ ਇੱਛਾ ਪ੍ਰਗਟ ਕੀਤੀ ਤੇ ਇਸ ਤਰਾਂ ਉਹਨਾਂ ਦੇ ਕਾਰੋਬਾਰੀ ਸਬੰਧ ਬਣ ਗਏ। ਉਸਦਾ ਕਹਿਣਾ ਹੈ ਕਿ ਉਸਨੂੰ ਹਵਾਲੇ ਦੀ ਰਕਮ, ਜ਼ਮੀਨ ਖਰੀਦਣ ਅਤੇ ਪਲਾਂਟ ਸਥਾਪਿਤ ਕਰਨ ਵਿਚ ਸਹਿਯੋਗ ਕਰਨ ਲਈ ਪੂਰਾ ਕਮਿਸ਼ਨ ਮਿਲਿਆ ਹੈ।

**ਤੋਮਰ ਪਰਿਵਾਰ ਨਾਲ ਕਿਉਂ ਵਿਗੜੀ-**

ਜਦੋਂ ਜਗਮਨਦੀਪ ਸਿੰਘ ਦੀ ਭਾਰਤ ਦੇ ਖੇਤੀ ਮੰਤਰੀ ਅਤੇ ਸਰਕਾਰੇ ਦਰਬਾਰੇ ਪਹੁੰਚ ਵਾਲੇ ਪਰਿਵਾਰ ਨਾਲ ਇਤਨੀ ਨੇੜਤਾ ਬਣ ਗਈ ਸੀ। ਉਹ ਕਾਰੋਬਾਰੀ ਭਾਈਵਾਲ ਤੇ ਰਾਜ਼ਦਾਰ ਵੀ ਸੀ ਤਾਂ ਫਿਰ ਤੋਮਰ ਪਰਿਵਾਰ ਨਾਲ ਇਹ ਦੁਸ਼ਮਣੀ ਮੁੱਲ ਲੈਣ ਵਾਲਾ ਕਦਮ ਕਿਉਂ। ਉਸਦਾ ਸਪੱਸ਼ਟ ਜਵਾਬ ਹੈ ਕਿ ਤੋਮਰ ਭਰਾਵਾਂ ਤੋਂ ਭਾਵੇਂ ਉਸਨੇ ਪੈਸਾ ਕਮਾਇਆ ਪਰ ਜਦੋਂ ਉਸ ਉਪਰ ਮੁਸੀਬਤ ਬਣੀ ਤਾਂ ਉਹਨਾਂ ਦਾ ਵਿਹਾਰ ਬਹੁਤ ਮਾੜਾ ਰਿਹਾ । ਉਹ ਐਬਸਫੋਰਡ ਵਿਚ ਕਾਰੋਬਾਰੀ ਹੋਣ ਕਾਰਣ ਹਰ ਸਾਲ ਵਿਦੇਸ਼ੀ ਕਾਮਿਆਂ ਲਈ ਐਲ ਐਮ ਆਈ ਅਪਲਾਈ ਕਰਦੇ ਤੇ ਕਾਮੇ ਮੰਗਵਾਉਂਦੇ ਹਨ। ਉਹਨਾਂ ਦਾ ਇਹ ਕੰਮ ਜਿਸ ਇਮੀਗ੍ਰੇਸ਼ਨ ਕੰਪਨੀ ਕਰਦੀ ਹੈ, ਉਸ ਵਲੋਂ ਵੇਚੀਆਂ ਗਈਆਂ ਐਲ ਐਮ ਆਈ ਕਾਰਣ ਹੀ ਉਸ ਉਪਰ ਵੱਡੀ ਬਿਪਤਾ ਬਣੀ। ਉਸਨੇ ਦੱਸਿਆ ਕਿ ਜਲੰਧਰ ਦੀ ਇਕ ਕੰਪਨੀ ਵਲੋਂ ਤਲਵੰਡੀ ਭਾਈ ਦੇ ਇਕ ਵਿਅਕਤੀ ਜਗਸੀਰ ਸਿੰਘ ਨੂੰ ਇਕ ਐਲ ਐਮ ਆਈ ਵੇਚੀ ਗਈ। ਉਸਦਾ ਕੈਨੇਡਾ ਦਾ ਵੀਜਾ ਨਹੀ ਲੱਗਾ। ਜਿਸ ਕਾਰਣ ਜਗਸੀਰ ਸਿੰਘ ਨੇ ਏਜੰਟ ਖਿਲਾਫ ਕੇਸ ਦਰਜ ਕਰਵਾ ਦਿੱਤਾ। ਐਲ ਐਮ ਆਈ ਕਿਉਂਕਿ ਮੇਰੀ ਕੰਪਨੀ ਦੀ ਤਰਫੋ ਸੀ ਜਿਸ ਕਾਰਣ ਪੁਲਿਸ ਨੇ ਮੇਰੇ ਖਿਲਾਫ ਵੀ ਕੇਸ ਦਰਜ ਕਰ ਦਿੱਤਾ। ਮੈਂ ਇਸ ਕੇਸ ਤੋਂ ਅਣਜਾਣ ਸਾਂ ਪਰ ਪੁਲਿਸ ਦੀਆਂ ਫਾਈਲਾਂ ਵਿਚ ਮੈਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ। ਇਸ ਦੌਰਾਨ ਜਦੋਂ ਮੈਂ ਇੰਡੀਆ ਆਇਆ ਤਾਂ ਮੈਨੂੰ ਦਿੱਲੀ ਏਅਰਪੋਰਟ ਉਪਰ 20 ਜੂਨ 2021 ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੈਨੂੰ ਫਰੀਦਕੋਟ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਇਸ ਦੌਰਾਨ ਮੈਂ ਤੋਮਰ ਪਰਿਵਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਮੇਰੇ ਤੋਂ ਅੱਖਾਂ ਫੇਰ ਲਈਆਂ। ਪੁਲਿਸ ਵਲੋਂ ਮੇਰੇ ਖਿਲਾਫ ਦਰਜ ਕੀਤੇ 420 ਤੇ 420 ਬੀ ਦੇ ਕੇਸ ਕਾਰਣ ਮੈਨੂੰ ਟਰਾਇਲ ਦੌਰਾਨ ਹੀ ਲਗਪਗ 9 ਮਹੀਨੇ ਜੇਲ ਵਿਚ ਕੱਟਣੇ ਪਏ । ਪਰ ਇਸ ਦੌਰਾਨ ਤੋਮਰ ਭਰਾਵਾਂ ਨੇ ਮੇਰੀ ਕੋਈ ਮਦਦ ਨਹੀ ਕੀਤੀ।

**ਪੁਲਿਸ ਹਿਰਾਸਤ ਚੋ ਫਰਾਰ-**

ਫਰੀਦਕੋਟ ਜੇਲ ਵਿਚ ਸਿਹਤ ਅਚਾਨਕ ਵਿਗੜ ਜਾਣ ਕਾਰਣ ਉਸਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਸਨੂੰ ਜੇਲ ਪੁਲਿਸ ਵਲੋਂ ਹਸਪਤਾਲ ਵਿਚ 23 ਦਸੰਬਰ 2021 ਨੂੰ ਦਾਖਲ ਕਰਵਾਇਆ ਗਿਆ । ਉਸਨੇ ਹਸਪਤਾਲ ਵਿਚ ਇਲਾਜ ਦੌਰਾਨ ਪੁਲਿਸ ਗ੍ਰਿਫਤ ਚੋਂ ਭੱਜਣ ਦਾ ਮਨ ਬਣਾ ਲਿਆ। ਉਸਦੇ ਪਹਿਲੀ ਫਰਵਰੀ 2022 ਨੂੰ ਸਵੇਰੇ 7.30 ਵਜੇ ਹਸਪਤਾਲ ਚੋ ਭੱਜਣ ਦੀ ਕਹਾਣੀ ਬਹੁਤ ਹੀ ਰੌਚਕ ਤੇ ਦਿਲ ਵਧਾਊ ਹੈ। ਹਸਪਤਾਲ ਵਿਚ ਪੁਲਿਸ ਹਿਰਾਸਤ ਚੋ ਭਗੌੜਾ ਹੋਣ ਉਪਰੰਤ ਉਹ ਜਿਵੇਂ ਕਿਵੇ ਨੇਪਾਲ ਪੁੱਜ ਗਿਆ। ਨੇਪਾਲ ਵਿਚ ਕੈਨੇਡੀਅਨ ਅੰਬੈਸੀ ਤੋਂ ਟਰੈਵਲ ਡਾਕੂਮੈਂਟ ਪ੍ਰਾਪਤ ਕਰਕੇ ਆਖਰ ਉਹ 4 ਅਪ੍ਰੈਲ 2022 ਨੂੰ ਕੈਨੇਡਾ ਪਰਤਣ ਵਿਚ ਸਫਲ ਰਿਹਾ।

**ਵੀਡੀਓ ਕਿਵੇਂ ਲੀਕ ਹੋਈ-**

ਉਸਦਾ ਕਹਿਣਾ ਹੈ ਕਿ ਉਸਨੇ ਖੇਤੀ ਮੰਤਰੀ ਤੋਮਰ ਦੇ ਪੁੱਤਰ ਦਵਿੰਦਰ ਤੋਮਰ ਨਾਲ ਕਰੋੜਾਂ ਦੇ ਕਾਰੋਬਾਰ ਵਾਲੀ ਵੀਡੀਓ ਰਿਕਾਰਡ ਤਾਂ ਜ਼ਰੂਰ ਕੀਤੀ ਸੀ ਪਰ ਵਾਇਰਲ ਉਸਨੇ ਨਹੀ ਕੀਤੀ। ਉਸਦਾ ਕਹਿਣਾ ਹੈ ਕਿ ਜਦੋਂ ਦਿੱਲੀ ਏਅਰਪੋਰਟ ਅਥਾਰਟੀ ਵਲੋਂ ਉਸਨੂੰ 20 ਜੂਨ 2021 ਨੂੰ ਫਰੀਦਕੋਟ ਪੁਲਿਸ ਦੇ ਹਵਾਲੇ ਕੀਤਾ ਗਿਆ ਸੀ ਤਾਂ ਪੁਲਿਸ ਵਲੋਂ ਉਸਦਾ ਬਟੂਆ ਜਿਸ ਵਿਚ 8000 ਡਾਲਰ ਨਗਦ, ਆਈ ਫੋਨ 8 ਅਤੇ ਇਕ ਮੁੰਦਰੀ ਸੀ, ਰਖਾ ਲਏ। ਫੋਨ ਨੰਬਰ 604-889-5356 ਸੀ। ਉਸਦਾ ਕਹਿਣਾ ਹੈ ਕਿ ਉਸਦੀਆਂ ਇਹ ਸਾਰੀਆਂ ਵਸਤਾਂ ਐਸ ਆਈ ਲਖਬੀਰ ਸਿੰਘ ਕੋਲ ਸਨ। ਉਸਦੇ ਪੁਲਿਸ ਹਿਰਾਸਤ ਚੋ ਫਰਾਰ ਹੋਣ ਉਪਰੰਤ ਉਸਨੂੰ ਇਹਨਾਂ ਵਸਤਾਂ ਬਾਰੇ ਕੋਈ ਜਾਣਕਾਰੀ ਨਹੀ ਕਿ ਉਹ ਕਿਥੇ ਸਨ। ਹੁਣ ਜਦੋਂ ਦਵਿੰਦਰ ਤੋਮਰ ਦੀ ਕਰੋੜਾਂ ਦੇ ਹਵਾਲਾ ਕਾਰੋਬਾਰ ਬਾਰੇ ਵੀਡੀਓ ਵਾਇਰਲ ਹੋਈ ਹੈ ਤਾਂ ਉਸਦਾ ਮੰਨਣਾ ਹੈ ਕਿ ਉਹ ਵੀਡੀਓ ਪੁਲਿਸ ਦੇ ਕਬਜੇ ਵਿਚ ਪਏ ਮੇਰੇ ਆਈ ਫੋਨ ਚੋ ਹੀ ਜਾਰੀ ਕੀਤੀ ਗਈ ਹੈ। ਉਸਦਾ ਕਹਿਣਾ ਹੈ ਕਿ ਤੋਮਰ ਪਰਿਵਾਰ ਵਲੋਂ ਉਸਦੀ ਬਿਪਤਾ ਵੇਲੇ ਮਦਦ ਨਾ ਕਰਨ ਕਾਰਣ ਉਹ ਪਹਿਲਾਂ ਹੀ ਖਫੇ ਸੀ, ਹੁਣ ਇਹ ਵੀਡੀਓ ਜਾਰੀ ਹੋਣ ਨਾਲ ਉਸਨੂੰ ਆਪਣਾ ਬਦਲਾ ਲੈਣ ਦਾ ਇਕ ਮੌਕਾ ਮਿਲਿਆ ਹੈ। ਉਸਨੇ ਤੋਮਰ ਪਰਿਵਾਰ ਅਤੇ ਭਾਜਪਾ ਸਰਕਾਰ ਨੂੰ ਭ੍ਰਿਸ਼ਟਾਚਾਰ ਤੇ ਹਵਾਲਾ ਦੇ ਦੋਸ਼ਾਂ ਦੇ ਵੱਡੇ ਸਕੈਂਡਲ ਵਿਚ ਬੇਨਕਾਬ ਕੀਤੇ ਜਾਣ ਲਈ ਕਿਸੇ ਵੀ ਸਿਆਸੀ ਧਿਰ, ਕਿਸੇ ਵੱਡੇ ਆਗੂ ਦੇ ਹੱਥ ਹੋਣ ਜਾਂ ਲਾਲਚ ਵਿਚ ਆਉਣ ਤੋਂ ਇਨਕਾਰ ਕੀਤਾ ਹੈ। ਜਗਮਨਦੀਪ ਸਿੰਘ ਦਾ ਦਾਅਵਾ ਹੈ ਕਿ ਉਸ ਵਲੋਂ ਕੀਤੇ ਗਏ ਖੁਲਾਸੇ ਵਿਚ ਰਤਾ ਭਰ ਵੀ ਝੂਠ ਨਹੀ ਤੇ ਮੰਤਰੀ ਦੇ ਪੁੱਤਰ ਨਾਲ ਰਿਕਾਰਡ ਗੱਲਬਾਤ ਜਾਂ ਵੀਡੀਓ ਬਿਲਕੁਲ ਅਸਲੀ ਹਨ ਪਰ ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ ਸਰਕਾਰ ਇਹਨਾਂ ਵੀਡੀਓਜ ਦੀ ਜਾਂਚ ਕਰਵਾਉਂਦੀ ਹੈ ਜਾਂ ਨਹੀ। ਫੌਰੈਂਸਿਕ ਲੈਬ ਦੁਆਰਾ ਜਾਂਚ ਨਾਲ ਹੀ ਇਹਨਾਂ ਦਾਅਵਿਆਂ ਦੀ ਅਸਲੀਅਤ ਦਾ ਪਤਾ ਲੱਗ ਪਾਏਗਾ। ਪਰ ਇਸ ਸੱਚ ਤੋਂ ਸ਼ਾਇਦ ਕੋਈ ਇਨਕਾਰੀ ਨਹੀ ਕਿ ਭਾਰਤ ਦੇ ਵੱਡੇ ਸਿਆਸੀ ਆਗੂ, ਨੌਕਰਸ਼ਾਹ ਅਤੇ ਹੋਰ ਵੱਡੇ ਕਾਰੋਬਾਰੀ ਕਰੋੜਾਂ-ਅਰਬਾਂ ਡਾਲਰ ਹਵਾਲਾ ਰਾਹੀਂ ਕੈਨੇਡਾ ਅਤੇ ਹੋਰ ਮੁਲਕਾਂ ਵਿਚ ਲਿਆਉਂਦੇ ਤੇ ਕਾਰੋਬਾਰ ਵਿਚ ਇਨਵੈਸਟ ਕਰਦੇ ਹਨ। ਉਹਨਾਂ ਦੀਆਂ ਬੇਨਾਮੀ ਜਾਇਦਾਦਾਂ ਦੀ ਆਖਰ ਕੋਈ ਤਾਂ ਸਾਂਭ ਸੰਭਾਲ ਕਰ ਰਿਹਾ ਹੈ। ਕੈਨੇਡਾ ਵਿਚ ਇਮੀਗ੍ਰੇਸ਼ਨ ਅਤੇ ਪੱਕੇ ਹੋਣ ਲਈ ਐਲ ਐਮ ਆਈ ਲੈਟਰਾਂ ਦਾ ਲੱਖਾਂ ਡਾਲਰ ਵਿਚ ਖਰੀਦ ਵੇਚ ਦਾ ਧੰਦਾ ਵੀ ਕਿਸੇ ਤੋਂ ਛੁਪਿਆ ਨਹੀਂ।

**ਕੌਣ ਹੈ ਜਗਮਨਦੀਪ ਸਿੰਘ-**

ਭਾਰਤੀ ਸਿਆਸਤ ਵਿਚ ਵੱਡਾ ਭੂਚਾਲ ਖੜਾ ਕਰਨ ਵਾਲਾ ਜਗਮਨਦੀਪ ਸਿੰਘ


# Injured in an accident?
# ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.


Mandeep Randhawa, *B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਕੈਨੇਡਾ 'ਚ ਮਹਿੰਗਾਈ ਦੀ ਮਾਰ ਨਾਲ ਜੂਝ ਰਹੇ ਭਾਰਤੀ ਵਿਦਿਆਰਥੀ! 20 ਘੰਟੇ ਕੰਮ ਦੀ ਸੀਮਾ ਹਟਾਉਣ ਦਾ ਫ਼ੈਸਲਾ ਸਥਾਈ ਕਰਨ ਦੀ ਕੀਤੀ ਮੰਗ

ਟੋਰਾਂਟੋ- ਕੈਨੇਡਾ 'ਚ ਵੱਡੀ ਗਿਣਤੀ ਵਿਚ ਭਾਰਤੀ ਤੇ ਪੰਜਾਬੀ ਵਿਦਿਆਰਥੀ ਪੜ੍ਹਦੇ ਹਨ। ਇੱਥੇ ਪੜ੍ਹ ਰਹੇ ਵਿਦਿਆਰਥੀ ਮਹਿੰਗਾਈ ਦੀ ਮਾਰ ਨਾਲ ਜੂਝ ਰਹੇ ਹਨ ਅਤੇ ਆਪਣੇ ਖਰਚੇ ਪੂਰੇ ਕਰਨ ਲਈ ਜ਼ਿਆਦਾ ਸਮਾਂ ਕੰਮ ਕਰਨਾ ਚਾਹੁੰਦੇ ਹਨ।

ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਕਾਲਤ ਸਮੂਹਾਂ ਦਾ ਕਹਿਣਾ ਹੈ ਕਿ ਓਟਾਵਾ ਵੱਲੋਂ ਹਰ ਹਫ਼ਤੇ ਕੈਂਪਸ ਤੋਂ ਬਾਹਰ ਕੰਮ ਕਰਨ ਦੇ ਘੰਟਿਆਂ ਦੀ ਕੈਪ (ਸੀਮਾ) ਨੂੰ ਅਸਥਾਈ ਤੌਰ 'ਤੇ ਹਟਾ ਦਿੱਤਾ ਜਾਣਾ ਚਾਹੀਦਾ ਹੈ। ਪਿਛਲੇ ਸਾਲ ਫੈਡਰਲ ਸਰਕਾਰ ਨੇ ਕਲਾਸਾਂ ਦੇ ਸੈਸ਼ਨ ਦੌਰਾਨ ਹਰ ਹਫ਼ਤੇ 20 ਘੰਟੇ ਆਫ-ਕੈਂਪਸ ਕੰਮ ਦੀ ਸੀਮਾ ਨੂੰ ਹਟਾ ਦਿੱਤਾ ਸੀ।

ਪਾਇਲਟ ਪ੍ਰੋਗਰਾਮ, ਜਿਸ ਨੇ 500,000 ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰਭਾਵਿਤ ਕੀਤਾ, ਇਸ ਸਾਲ ਖਤਮ ਹੋਣ ਵਾਲਾ ਹੈ।

ਸਸਕੈਚਵਨ ਯੂਨੀਵਰਸਿਟੀ ਦੇ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਨੇ ਕਿਹਾ, ਪਿਛਲਾ ਸਾਲ ਵਿੱਤ ਦੇ ਮਾਮਲੇ ਵਿਚ ਕਾਫ਼ੀ ਚੰਗਾ ਰਿਹਾ ਕਿਉਂਕਿ ਉਹ ਹਫ਼ਤੇ ਵਿਚ 40 ਘੰਟੇ ਕੰਮ ਕਰ ਸਕਦਾ ਸੀ ਅਤੇ ਆਪਣੀ ਟਿਊਸ਼ਨ ਫੀਸ ਦਾ ਭੁਗਤਾਨ ਕਰਨ ਦੇ ਯੋਗ ਹੋ ਗਿਆ ਸੀ।" 20 ਸਾਲਾ ਵਿਦਿਆਰਥੀ ਨੇ ਕਿਹਾ ਕਿ ਉਸ ਦੇ ਸਿਰ 'ਤੇ ਵਿਦਿਆਰਥੀ ਲੋਨ ਦੇ ਤੌਰ 'ਤੇ ਲਗਭਗ 40,000 ਡਾਲਰ ਹਨ ਅਤੇ ਉਹ ਫੁੱਲ-ਟਾਈਮ ਕੰਮ ਦੇ ਨਾਲ 10,000 ਡਾਲਰ ਦਾ ਭੁਗਤਾਨ ਕਰਨ ਦੇ ਯੋਗ ਸੀ - ਇੱਕ ਮੌਕਾ ਜੋ ਨਵੇਂ ਸਾਲ ਵਿਚ ਖ਼ਤਮ ਹੋ ਜਾਵੇਗਾ। ਉਸ ਨੇ ਕਿਹਾ ਕਿ ਮਹਿੰਗਾਈ ਨੇ ਉਸ ਦਾ ਕਰਿਆਨੇ ਦਾ ਬਜਟ 100 ਡਾਲਰ ਤੋਂ ਘਟਾ ਕੇ 300 ਡਾਲਰ ਪ੍ਰਤੀ ਮਹੀਨਾ ਕਰ ਦਿੱਤਾ ਹੈ। ਹੁਣ ਉਹ ਖੁਦ ਨੂੰ ਮੁਸ਼ਕਲ ਸਥਿਤੀ ਵਿਚ ਦੇਖਦਾ ਹੈ।

ਉਕਤ ਵਿਦਿਆਰਥੀ ਦੇ ਸਹਿਪਾਠੀ ਨੇ ਕਿਹਾ ਕਿ ਇੱਥੇ ਵਿਦਿਆਰਥੀ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਲਈ ਗੁਜ਼ਾਰਾ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਫਾਰਮੇਸੀ ਦੀ ਇਕ ਵਿਦਿਆਰਥਣ ਨੇ ਕਿਹਾ ਕਿ ਸਵਿੱਚ ਨੂੰ ਸਥਾਈ ਬਣਾਉਣ ਨਾਲ ਰੁਜ਼ਗਾਰਦਾਤਾਵਾਂ ਨੂੰ ਵੀ ਮਦਦ ਮਿਲੇਗੀ। ਉਹ ਫਾਰਮੇਸੀ ਕੈਸ਼ੀਅਰ ਦੀ ਨੌਕਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਕਿਹਾ ਕਿ ਉਹ ਉਨ੍ਹਾਂ ਲੋਕਾਂ ਦੀ ਭਾਲ ਕਰ ਰਹੇ ਹਨ, ਜੋ ਛੁੱਟੀਆਂ ਦੌਰਾਨ ਫੁੱਲ-ਟਾਈਮ ਕੰਮ ਕਰ ਸਕਦੇ ਹਨ — ਅਜਿਹੀ ਭੂਮਿਕਾ ਜਿਸ ਲਈ ਉਹ 31 ਦਸੰਬਰ ਤੋਂ ਬਾਅਦ ਯੋਗ ਨਹੀਂ ਹੋਵੇਗੀ। ਸਸਕੈਚਵਾਨ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਦਾ ਕਹਿਣਾ ਹੈ ਕਿ 20 ਘੰਟੇ ਕੰਮ ਦੀ ਸੀਮਾ ਹਟਾਉਣ ਦਾ ਫ਼ੈਸਲਾ ਸਥਾਈ ਕੀਤਾ ਜਾਵੇ।

ਸੋਮਵਾਰ ਨੂੰ ਭੇਜੇ ਗਏ ਇੱਕ ਈਮੇਲ ਬਿਆਨ ਵਿਚ ਫੈਡਰਲ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਕਿ ਉਹ ਨੀਤੀ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਦੀ ਪ੍ਰਕਿਰਿਆ ਵਿਚ ਹੈ, ਜਿਸ ਵਿਚ ਇਹ ਵੀ ਸ਼ਾਮਲ ਹੈ ਕਿ ਕਿੰਨੇ ਯੋਗ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਇਸਦਾ ਲਾਭ ਲਿਆ ਹੈ।

ਬਿਆਨ ਵਿਚ ਕਿਹਾ ਗਿਆ ਹੈ, "ਕੈਂਪਸ ਤੋਂ ਬਾਹਰ ਕੰਮ ਲਈ 20-ਘੰਟਿਆਂ ਦੀ ਸੀਮਾ ਨੂੰ ਅਸਥਾਈ ਤੌਰ 'ਤੇ ਹਟਾਉਣਾ ਕੈਨੇਡਾ ਵਿਚ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਵਿਚ ਮਦਦ ਕਰ ਰਿਹਾ ਹੈ"।

ਇਸ ਵਿਚ ਕਿਹਾ ਗਿਆ ਹੈ ਕਿ ਜੇਕਰ ਮੌਜੂਦਾ ਯੋਜਨਾ ਵਿਚ ਕੋਈ ਤਬਦੀਲੀ ਹੋਵੇਗੀ ਤਾਂ ਮੰਤਰਾਲਾ ਜਨਤਾ ਨੂੰ ਜਲਦ ਜਾਣਕਾਰੀ ਦੇਵੇਗਾ।

---

ਕੌਣ ਹੈ। ਕੌਣ ਹੈ ਇਹ ਸਖਸ਼ ਜਿਸ ਰਾਹੀਂ ਇਕ ਵੱਡੇ ਭਾਰਤੀ ਸਿਆਸਤਦਾਨ, ਪ੍ਰਧਾਨ ਮੰਤਰੀ ਮੋਦੀ ਦੇ ਖਾਸਮਖਾਸ ਮੰਤਰੀ ਦੇ ਪਰਿਵਾਰ ਵਲੋਂ ਕਰੋੜਾਂ ਰੁਪਏ ਹਵਾਲਾ ਰਾਹੀਂ ਕੈਨੇਡਾ ਪਹੁੰਚਾਏ ਤੇ ਉਸ ਨਾਲ ਮਰਵਾਨਾ ਦੀ ਖੇਤੀ ਦੇ ਕਾਰੋਬਾਰ ਵਿਚ ਸਾਂਝ ਭਿਆਲੀ ਪਾਈ। ਉਸਦੀ ਕੈਨੇਡਾ ਵਿਚ ਕੰਪਨੀ ਅਤੇ ਉਸਦੇ ਆਪਣੇ ਜਗਮਨਦੀਪ ਸਿੰਘ ਦੇ ਨਾਮ ਹੇਠ ਦੋ ਬੈਂਕ ਅਕਾਊਂਟਾਂ ਵਿਚ 500 ਕਰੋੜ ਤੋਂ ਉਪਰ ਦੇ ਫੰਡ ਟਰਾਂਸਫਰ ਹੋਏ। ਉਸਨੇ ਭਾਰਤ ਦੇ ਇਕ ਵੱਡੇ ਸਿਆਸੀ ਪਰਿਵਾਰ ਨਾਲ ਸਬੰਧ ਸਥਾਪਿਤ ਕੀਤੇ, ਰਾਜਧਾਨੀ ਦਿੱਲੀ, ਗਵਾਲੀਅਰ ਤੋਂ ਲੈਕੇ ਪਰਿਵਾਰ ਦੀਆਂ ਸ਼ਾਹੀ ਸਹੂਲਤਾਂ ਦਾ ਆਨੰਦ ਮਾਣਿਆ, ਪੈਸਾ ਕਮਾਇਆ ਤੇ ਫਿਰ ਉਸੇ ਪਰਿਵਾਰ ਦੇ ਖਿਲਾਫ ਸੁਲਤਾਨੀ ਗਵਾਹ ਵਾਂਗ ਉਠ ਖੜਾ ਹੋਇਆ। ਉਸਦੇ ਕਾਰੋਬਾਰ,ਸਬੰਧਾਂ ਅਤੇ ਆਲੇ ਦੁਆਲੇ ਤੋਂ ਸਪੱਸ਼ਟ ਹੈ ਕਿ ਉਹ ਕੋਈ ਆਮ ਵਿਅਕਤੀ ਨਹੀਂ ਹੈ। ਲਗਪਗ 45 ਸਾਲ ਦੇ ਜਗਮਨਦੀਪ ਸਿੰਘ ਦਾ ਪੂਰਾ ਨਾਮ ਜਗਮਨਦੀਪ ਸਿੰਘ ਸਮਰਾ ਹੈ। ਉਸਦਾ ਪੁਰਾਣਾ ਪਿੰਡ ਜਿਲਾ ਸੰਗਰੂਰ ਵਿਚ ਫੱਗੂਵਾਲਾ ਹੈ। ਉਸਦੇ ਦਾਦਾ ਜਥੇਦਾਰ ਜਗੀਰ ਸਿੰਘ ਫੱਗੂਵਾਲਾ ਆਪਣੇ ਸਮੇਂ ਦੇ ਉਘੇ ਅਕਾਲੀ ਆਗੂ ਸਨ। ਉਸਦੇ ਪਿਤਾ ਸ ਦਵਿੰਦਰ ਸਿੰਘ ਸਮਰਾ ਸਕੂਲ ਪ੍ਰਿੰਸੀਪਲ ਵਜੋਂ ਸੇਵਾਮੁਕਤ ਹੋਏ ਤੇ ਉਸਦੀ ਮਾਤਾ ਸੁਰਿੰਦਰ ਕੌਰ ਵੀ ਅਧਿਆਪਕਾ ਸਨ। ਜਗਮਨਦੀਪ ਸਿੰਘ ਨੇ ਗੌਰਮਿੰਟ ਰਣਬੀਰ ਕਾਲਜ ਸੰਗਰੂਰ ਤੋਂ ਬੀ ਏ ਤੱਕ ਪੜਾਈ ਕੀਤੀ ਹੈ। ਬੀਏ ਕਰਨ ਉਪਰੰਤ ਉਹ ਸੰਨ 2000 ਤੋਂ ਬਾਦ ਵਿਆਹ ਦੇ ਆਧਾਰ ਤੇ ਕੈਨੇਡਾ ਪ੍ਰਵਾਸ ਕਰ ਆਇਆ ਤੇ ਇਥੇ ਜ਼ਮੀਨ ਖਰੀਦਕੇ ਬਲੂ ਬੇਰੀ ਦੀ ਖੇਤੀ ਕੀਤੀ। ਉਹ ਇਸ ਸਮੇਂ ਵੀ ਐਬਸਫੋਰਡ ਅਤੇ ਚਿਲਾਵੈਕ ਵਿਚ ਫਾਰਮਾਂ ਦਾ ਮਾਲਕ ਹੈ ਤੇ ਨਾਲ ਮਰਵਾਨਾ ਦੀ ਖੇਤੀ ਦਾ ਕਾਰੋਬਾਰ ਕਰ ਰਿਹਾ ਹੈ। ਐਬਸਫੋਰਡ ਏਰੀਏ ਵਿਚ ਉਸਦਾ ਆਪਣਾ ਸਰਕਲ ਅਤੇ ਅਸਰ ਰਸੂਖ ਹੈ। ਉਹ ਕੈਨੇਡਾ ਦੀਆਂ ਪ੍ਰਮੁੱਖ ਪਾਰਟੀਆਂ ਦੇ ਸਥਾਨਕ ਆਗੂਆਂ ਤੋਂ ਲੈਕੇ ਭਾਰਤ ਅਤੇ ਪੰਜਾਬ ਦੇ ਲੀਡਰਾਂ ਨਾਲ ਪੂਰਾ ਮੇਲਜੋਲ ਰੱਖਦਾ ਰਿਹਾ ਹੈ। ਉਹ ਪੰਜਾਬ ਵਿਚ ਬਰਨਾਲਾ ਪਰਿਵਾਰ, ਸਿੱਧੂ ਪਰਿਵਾਰ ਤੋਂ ਇਲਾਵਾ ਮਨਪ੍ਰੀਤ ਬਾਦਲ ਅਤੇ ਭਗਵੰਤ ਮਾਨ ਨਾਲ ਵੀ ਆਪਣੀ ਨੇੜਤਾ ਰੱਖਣ ਤੇ ਇਹਨਾਂ ਆਗੂਆਂ ਦੀ ਕੈਨੇਡਾ ਫੇਰੀ ਦੌਰਾਨ ਉਹਨਾਂ ਦਾ ਸਹਿਯੋਗੀ ਹੋਣ ਦਾ ਦਾਅਵਾ ਕਰਦਾ ਹੈ। ਉਸਦਾ ਕਹਿਣਾ ਹੈ ਕਿ ਸਿਆਸੀ ਆਗੂਆਂ ਦੇ ਕਈ ਵੱਡੇ ਰਾਜ਼ ਉਸ ਕੋਲ ਮਹਿਫੂਜ਼ ਹਨ ਜਿਹਨਾਂ ਨੂੰ ਉਹ ਸਮਾਂ ਆਉਣ ਤੇ ਖੋਹਲਣ ਦਾ ਜ਼ੇਰਾ ਰੱਖਦਾ ਹੈ।

ਇਕ ਉਘੇ ਪੰਜਾਬੀ ਲੇਖਕ ਤੇ ਫਿਲਮ ਨਿਰਦੇਸ਼ਕ ਨਾਲ ਮਿਲਕੇ ਉਹ ਇਕ ਵੈਬਸੀਰੀਜ਼ ਬਣਾਉਣ ਦੀ ਤਿਆਰੀ ਵੀ ਕਰ ਰਿਹਾ ਹੈ ਜਿਸ ਵਿਚ ਪੰਜਾਬ ਤੇ ਭਾਰਤ ਦੀ ਸਿਆਸਤ ਦੇ ਨਾਲ ਸਿਸਟਮ ਉਪਰ ਕਈ ਸਵਾਲ ਖੜੇ ਕਰਦਾ ਨਜ਼ਰ ਆਵੇਗਾ ਉਹ।

**-ਧੰਨਵਾਦ ਸਹਿਤ ਦੇਸ ਪ੍ਰਦੇਸ**


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

**Ph: 604-446-3154** NO SIDE EFFECTS

#109-12830-80Ave, Surrey, BC V3W 3A8 (York Centre)



Expert Advice, Consultation & Representation in all your legal matters



**FAMILY LAW**
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

**IMMIGRATION LAW**
- Students, Workers and Visitors cases
- All Immigration matters
- Sponsorship cases

**REAL ESTATE IN BC AND ALBERTA**
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

**EMPLOYMENT LAW**
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

**CORPORATE & BUSINESS LAW**
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

**NOTARY SERVICES**
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

**BENEFITS OF CHOOSING US**
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

**CHARANJEET KAUR RAINA**
LAWYER AND NOTARY PUBLIC

**778 835 8455**

#201-13049 76th Avenue, Surrey BC V3W2V7
www.rainalaw.com Email : craina@rainalaw.com

# ਬੰਦੀ ਸਿੰਘਾਂ ਲਈ ਇਨਸਾਫ਼ ਦੀ ਪਟੀਸ਼ਨ ਚਾਲੀ ਸਾਲ ਮਗਰੋਂ, ਉਹ ਵੀ ਧਮਕੀ ਮਿਲਣ ਮਗਰੋਂ



ਕੌਮ ਦੇ ਕੁੱਝ ਯੋਧੇ 30-40 ਸਾਲ ਤੋਂ ਜੇਲਾਂ ਵਿਚ, ਆਜ਼ਾਦ ਹਵਾ ਦੀ ਉਡੀਕ ਵਿਚ ਬੈਠੇ ਹੋਣ, ਜਿਹੜੇ ਇਹ ਆਖਦੇ ਹੋਣ ਕਿ ਜੇ ਆਜ਼ਾਦ ਹਵਾ ਨਹੀਂ ਲੈਣ ਦੇਣੀ ਤਾਂ ਫਿਰ ਇਸ ਦੁਨੀਆਂ ਤੋਂ ਰੁਖ਼ਸਤ ਹੋਣ ਦੀ ਆਗਿਆ ਹੀ ਦੇ ਦਿਉ ਤੇ ਕੋਈ ਉਨ੍ਹਾਂ ਦੀ ਗੱਲ ਵੀ ਨਾ ਸੁਣਦਾ ਹੋਵੇ ਤਾਂ ਫਿਰ ਕੀ ਗਵਰਨਰ ਨੂੰ 26 ਲੱਖ ਹਸਤਾਖਰਾਂ ਵਾਲੀ ਪਟੀਸ਼ਨ ਦੇਣ ਦਾ ਕੋਈ ਅਸਰ ਵੀ ਹੋਵੇਗਾ? ਪਰ ਚਲੋ ਸੱਤਾ ਦੇ ਸਿੰਘਾਸਨ ਤੋਂ ਹੇਠਾਂ ਉਤਾਰ ਦਿਤੇ ਜਾਣ ਤੋਂ ਬਾਅਦ ਅਤੇ ਐਸ.ਜੀ.ਪੀ.ਸੀ. ਦੀਆਂ ਚੋਣਾਂ ਸਿਰ ’ਤੇ ਹੋਣ ਕਾਰਨ, ਬਾਅਦ ਵਿਚ ਹੀ ਸਹੀ, ਇਕ ਵਾਰ ਐਸੀ ਪਟੀਸ਼ਨ ਅਕਾਲੀਆਂ ਦੇ ਨਾਂ ਤੇ ਦਿਤੀ ਤਾਂ ਗਈ।ਸਫ਼ਲਤਾ ਕਿਉਂ ਨਹੀਂ ਮਿਲ ਰਹੀ? ਇਸ ਬਾਰੇ ਸੋਚਣਾ ਪਵੇਗਾ ਕਿਉਂਕਿ ਅੱਜ ਜਿਹੜਾ ਵੀ ਤਾਕਤਵਰ ਤੇ ਅਮੀਰ ਸਿੱਖ ਹੈ, ਉਹ ਸਰਕਾਰ ਦਾ ਯਾਰ ਹੈ। ਇਕ ਪਾਸੇ ਕੌਮੀ ਇਨਸਾਫ਼ ਮੋਰਚਾ ਲਗਿਆ ਹੋਇਆ ਹੈ ਜਿਸ ਨੂੰ ਹੁਣ ਸਿਰਫ਼ ਟ੍ਰੈਫ਼ਿਕ ਰੋਕਣ ਸਮੇਂ ਦਿੱਕਤ ਪੈਦਾ ਕਰਨ ਵਾਲੇ ਵਜੋਂ ਵੇਖਿਆ ਜਾ ਰਿਹਾ ਹੈ। ਉਂਜ ਜਦੋਂ ਬੰਦੀ ਸਿੰਘਾਂ ਦੀ ਗੱਲ ਹੁੰਦੀ ਹੈ ਤਾਂ ਸੱਭ ਦਾ ਨਾਮ ਗੂੰਜਣ ਲਗਦਾ ਹੈ, ਭਾਵੇਂ ਇਕ ਧੜਾ ਭਾਈ ਹਵਾਰਾ ਨਾਲ ਹੈ ਤੇ ਇਕ ਧੜਾ ਭਾਈ ਰਾਜੋਆਣਾ ਦੀ ਗੱਲ ਕਰਦਾ ਹੈ।

ਇਕ ਧੜਾ ਸਿੱਖ ਕੌਮ ’ਚੋਂ ਇਨ੍ਹਾਂ ਸਿੰਘਾਂ ਬਾਰੇ ਹਰਦਮ ਹੀ ਚਿੰਤਿਤ ਰਿਹਾ ਹੈ ਤੇ ਸਮੇਂ ਸਮੇਂ ਤੇ ਆਵਾਜ਼ ਚੁਕਦਾ ਰਿਹਾ ਹੈ ਪਰ ਜਿਹੜਾ ਤਾਕਤਵਰ, ਅਮੀਰ ਜਾਂ ਸਰਕਾਰੀ ਕੁਰਸੀ ਸੰਭਾਲੀ ਬੈਠਾ ਹੈ ਜਾਂ ਉਸ ਉਤੇ ਆਸ ਲਾਈ ਬੈਠਾ ਹੈ, ਉਹ ਸਮੇਂ ਸਮੇਂ ਤੇ, ਇਸ ਮੁੱਦੇ ਨੂੰ ਸਿਰਫ਼ ਅਪਣੀ ਲੋੜ ਪੂਰੀ ਕਰਨ ਲਈ ਹੀ ਚੁਕਦਾ ਹੈ।

ਅਕਾਲੀ ਦਲ-ਭਾਜਪਾ ਸਰਕਾਰ ਦੌਰਾਨ, ਉਨ੍ਹਾਂ ਦੇ ਦਿਲ ਵਿਚ ਬੰਦੀ ਸਿੰਘਾਂ ਦਾ ਦਰਦ ਸਚਮੁਚ ਦਾ ਹੁੰਦਾ ਤਾਂ ਉਹ ‘ਕੈਬਨਿਟ ਵਿਚ ਕੌਣ ਕੁਰਸੀ ’ਤੇ ਬੈਠੇਗਾ’ ਵਾਲੀ ਲੜਾਈ ਤੋਂ ਪਹਿਲਾਂ ਬੰਦੀ ਸਿੰਘਾਂ ਦੀ ਰਿਹਾਈ ਦੀ ਸ਼ਰਤ ਰਖਦਾ ਤਾਂ ਉਨ੍ਹਾਂ ਦੀ ਗੱਲ ’ਤੇ ਅੱਜ ਯਕੀਨ ਕਰਨ ਨੂੰ ਵੀ ਦਿਲ ਜ਼ਰੂਰ ਕਰਦਾ।

ਪਰ ਤਿੰਨ ਐਨ.ਡੀ.ਏ. ਸਰਕਾਰਾਂ ਵਿਚ ਤੇ ਅਕਾਲੀ ਸਰਕਾਰਾਂ ਵਿਚ ਕਿਸੇ ਸਿੰਘ ਨੂੰ ਰਾਹਤ ਨਹੀਂ ਮਿਲੀ।

ਸਗੋਂ ਜਿਹੜੀ ਕਾਂਗਰਸ ਨੇ ਇਨ੍ਹਾਂ ਨੂੰ ਸਲਾਖ਼ਾਂ ਪਿੱਛੇ ਪਹੁੰਚਾਇਆ, ਉਸ ਨੇ ਅਪਣੀ ਸਰਕਾਰ ਦੇ ਸਮੇਂ ਅਪਣੀ ਸੂਬੇ ਦੀ ਹਰ ਸਹੂਲਤ ਦੇਣ ਦਾ ਯਤਨ ਕੀਤਾ, ਭਾਵੇਂ ਉਹ ਪੈਰੋਲ ਦੀ ਸਹੂਲਤ ਸੀ, ਭਾਵੇਂ ਇਲਾਜ ਦੀ ਸਹੂਲਤ ਸੀ (ਜਿਵੇਂ ਪ੍ਰੋ. ਦਵਿੰਦਰ ਪਾਲ ਭੁੱਲਰ ਦੇ ਮਾਮਲੇ ਵਿਚ) । ਸ਼ਾਇਦ ਉਨ੍ਹਾਂ ਨੂੰ ਅਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਸੀ ਪਰ ਇਹ ਅਹਿਸਾਸ ਬਹੁਤ ਦੇਰ ਨਾਲ ਹੋਇਆ ਅਤੇ ਬਹੁਤ ਥੋੜਾ ਸੀ।

ਪਰ ਉਨ੍ਹਾਂ ਨੇ ਇਹ ਜ਼ਰੂਰ ਦਰਸਾ ਦਿਤਾ ਕਿ ਜੇ ਮਨ ਵਿਚ ਰਹਿਮ ਬਣ ਆਵੇ ਤਾਂ ਸਰਕਾਰਾਂ ਵਾਸਤੇ ਪੁਰਾਣੇ ਜ਼ਖ਼ਮਾਂ ’ਤੇ ਮਲ੍ਹਮ ਲਗਾਉਣੀ ਔਖੀ ਨਹੀਂ ਹੁੰਦੀ। ਪੀ. ਚਿਦੰਬਰਮ ਨੇ ਬੜੇ ਨਕਸਲੀਆਂ ਨੂੰ ਮਾਫ਼ੀ ਨਾਲ ਗੁਲਾਬ ਦੇ ਕੇ ਸਮਾਜ ਵਿਚ ਵਾਪਸ ਲਿਆਉਣ ਦੇ ਕਦਮ ਚੁੱਕੇ।

ਪਰ ਸਿੱਖਾਂ ਵਾਸਤੇ ਇਹ ਕਦਮ ਚੁੱਕਣ ਲਈ ਕੋਈ ਵੀ ਅੱਗੇ ਨਹੀਂ ਆਇਆ। ਇਸ ਵਿਚ ਸਿਰਫ਼ ਸਰਕਾਰ ਦੀ ਕਠੋਰਤਾ ਨਹੀਂ ਬਲਕਿ ਸਿੱਖ ਨੁਮਾਇੰਦਿਆਂ ਦੀ ਕਮਜ਼ੋਰੀ ਜਾਂ ਲਾਲਚ ਪ੍ਰਮੁੱਖ ਹੈ ਜੋ ਦਿੱਲੀ ਦੇ ਆਗੂਆਂ ਕੋਲ ਬੈਠਦੇ ਹੀ, ਅਪਣੇ ਨਿਜੀ ਫ਼ਾਇਦਿਆਂ ਬਾਰੇ ਹੀ ਸੋਚਣ ਲਗਦੇ ਹਨ।

ਜੇ ਉਹ ਅਪਣੇ ਤੋਂ ਪਹਿਲਾਂ ਕਦੇ ਇਨ੍ਹਾਂ ਸਿੰਘਾਂ ਨੂੰ ਵੀ ਰੱਖ ਲੈਂਦੇ ਤਾਂ 30 ਸਾਲ ਸੁੱਕੇ ਨਾ ਲੰਘ ਜਾਂਦੇ। ਅਫ਼ਸੋਸ ਕਿ ਆਮ ਲੋਕਾਂ ਦੀ ਆਵਾਜ਼ ਦਿੱਲੀ ਦਰਬਾਰ ਵਿਚ ਨਹੀਂ ਸੁਣੀ ਜਾਂਦੀ ਤੇ ਜੋ ਅਪਣੇ ਆਪ ਨੂੰ ਸਿੱਖਾਂ ਦੇ ਨੁਮਾਇੰਦੇ ਆਖਦੇ ਹਨ, ਉਹ ਅਸਲੀਅਤ ਤੋਂ ਕੋਹਾਂ ਦੂਰ ਹਨ। ਸਿੱਖ ਕੌਮ ਨੂੰ ਅਪਣੇ ਆਗੂਆਂ ਦੀ ਸਫ਼ਾਈ ਕਰਨੀ ਪਵੇਗੀ ਤੇ ਚੁਣ-ਚੁਣ ਕੇ ਸਹੀ ਲੀਡਰਾਂ ਪਿੱਛੇ ਅਪਣੀ ਤਾਕਤ ਇਕੱਤਰ ਕਰਨੀ ਪਵੇਗੀ। ਜਦ ਤਕ ਇਹ ਲੀਡਰ ਹਟਾਏ ਨਹੀਂ ਜਾਂਦੇ, ਸਿੱਖ ਮੁੱਦਿਆਂ ਦੇ ਹੱਲ ਦੀ ਆਸ ਨਹੀਂ ਕੀਤੀ ਜਾ ਸਕਦੀ।

-- ਨਿਮਰਤ ਕੌਰ


**metrovancouver** | AIR QUALITY & CLIMATE CHANGE

## ਮੈਟਰੋ ਵੈਨਕੂਵਰ ਓਪਨ (ਆਊਟਡੋਰ) ਜਲਣ ਸ਼ਰਤਾਂ ਲਾਗੂ ਹਨ

ਮੈਟਰੋ ਵੈਨਕੂਵਰ ਦੇ ਓਪਨ ਜਲਣ ਨਿਕਾਸ ਰੈਗੂਲੇਸ਼ਨ ਬਾਇਲਾਅ 1355, 2022 ਦਾ ਨਿਸ਼ਾਨਾ ਓਪਨ ਬਰਨਿੰਗ ਤੋਂ ਪਬਲਿਕ ਸਿਹਤ ਅਤੇ ਵਾਤਾਵਰਣ ਤੇ ਪੈ ਰਹੇ ਅਸਰ ਨੂੰ ਘੱਟ ਕਰਨਾ ਹੈ।

### ਤੁਹਾਨੂੰ ਕੀ ਜਾਨਣ ਦੀ ਲੋੜ ਹੈ?

ਮੈਟਰੋ ਵੈਨਕੂਵਰ ਖਿੱਤੇ ਵਿਚ 0.6 ਮੀਟਰ ਤੋਂ 0.75 ਮੀਟਰ ਤੱਕ ਉੱਚੇ ਬਨਸਪਤੀ ਮਲਬੇ ਦੇ ਢੇਰ ਨੂੰ ਜਾਲਣ ਲਈ ਮੈਟਰੋ ਵੈਨਕੂਵਰ ਤੋਂ ਅਧਿਕਾਰ ਲੈਣਾ ਪਵੇਗਾ।

### ਮੈਟਰੋ ਵੈਨਕੂਵਰ ਤੋਂ ਅਧਿਕਾਰ ਲੈਣ ਲਈ:

*ਓਪਨ ਬਰਨਿੰਗ ਰਜਿਸਟਰੇਸ਼ਨ ਸਿਸਟਮ ਵਰਤ ਕੇ ਓਪਨ ਬਰਨ ਨਾਲ ਰਜਿਸਟਰ ਕਰਨਾ ਜਾਂ
*ਓਪਨ ਬਰਨਿੰਗ ਅਪਰੂਵਲ ਲੈਣਾ
ਨਗਰ ਪਾਲਿਕਾ ਪਾਬੰਦੀਆਂ ਲਈ ਤੁਹਾਨੂੰ ਆਪਣੇ ਲੋਕਲ ਫਾਇਰ ਡਿਪਾਰਟਮੈਂਟ ਤੋਂ ਜਾਂਚ ਲੈਣੀ ਪਵੇਗੀ।


ਓਪਨ ਬਰਨਿੰਗ ਅਧਿਕਾਰ ਲੈਣ, ਯੋਗ ਮਾਪਦੰਡ ਅਤੇ ਜ਼ਰੂਰਤਾਂ ਦੀ ਵਧੇਰੇ ਜਾਣਕਾਰੀ ਲੈਣ ਲਈ, QR ਕੋਡ ਸਕੈਨ ਕਰੋ ਜਾਂ **www.metrovancouver.org** ਤੇ ਜਾਓ ਅਤੇ ਸਰਚ ਕਰੋ ‘open burning’,
ਸੰਪਰਕ ਕਰੋ:604-432-OBER (6237)
or email: ober@metrovancouver.org



## UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.



Call today to book your special event
Jaswinder (Jessie) Thandi
**Ph: 604.951.2905**
**Cell: 604.825.8588**

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca www.universaltent.ca



## UNIVERSAL BUILDING MAINTENANCE LTD.

Since 1987




***RESIDENTIAL *COMMERCIAL *INDUSTRIAL**

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi

**Cell: 604-377-2641**
**Bus: 604-951-2909**

Website:www.universalbuildingmaintenance.ca
Email:universalbuildingmaintenance01@gmail.com

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

# ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

**ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।**

- ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।
- ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।
- ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

**ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।**



BRITISH COLUMBIA

HealthyHabitsBC.ca

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079


6417 Roosevelt Way NE #105, Seattle WA 98115 Email:sardarjicatering@gmail.com

ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਆਗਮਨ ਪੁਰਬ ਦੀ ਆਪ ਸਭ ਨੂੰ
ਲੱਖ-ਲੱਖ ਵਧਾਈ




**Surrey Office**
**604.598.2200**
SUKH.DHALIWAL@PARL.GC.CA
#202 - 12992 76 Avenue
Surrey, British Columbia
V3W 2V6

**Ottawa Office**
**613.992.0666**
SUKH.DHALIWAL@PARL.GC.CA
House of Commons
Ottawa, Ontario
K1A 0A6



**Sukh Dhaliwal**
Member Parliament
Surrey - Newton

OZLA

# OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

**MADE IN CANADA**

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।

ਅਸੀਂ ਆਪ ਮੈਨੂਫੈਕਚੁਅਰ ਹਾਂ। ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

**604-372-2122**

Email:info@ozla.ca

#109-18669 52 AVE SURREY, BC

www.ozla.ca

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



*25 ਨਵੰਬਰ ਦਿਨ ਸ਼ਨਿਚਰਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ 25 ਸਿੰਘਾਂ ਦੀ ਮਰਿਯਾਦਾ ਅਨੁਸਾਰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 27 ਨਵੰਬਰ ਦਿਨ ਸੋਮਵਾਰ ਸਵੇਰੇ 9 ਵਜੇ ਪਾਏ ਜਾਣਗੇ।25 ਅਤੇ 26 ਨਵੰਬਰ ਨੂੰ ਸ਼ਾਮ 5 ਵਜੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਤੋਂ ਸ਼ਬਦ ਚੌਂਕੀ ਕੱਢੀ ਜਾਵੇਗੀ।ਵੱਧ ਤੋਂ ਵੱਧ ਸੰਗਤਾਂ ਹਾਜਰੀ ਭਰ ਕੇ ਲਾਹੇ ਪ੍ਰਾਪਤ ਕਰਨੇ ਜੀ।

## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*24 ਨਵੰਬਰ ਦਿਨ ਸ਼ੁੱਕਰਵਾਰ ਅੰਤਮ ਅਰਦਾਸ ਬੀਬੀ ਪਰਮਜੀਤ ਕੌਰ ਨਮਿਤ ਦੁਪਹਿਰ 12 ਵਜੇ
*25 ਨਵੰਬਰ ਦਿਨ ਸ਼ਨਿਚਰਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਸ਼ਾਮ ਦੇ ਲੰਗਰਾਂ ਦੀ ਸੇਵਾ ਬਲਵਿੰਦਰ ਸਿੰਘ ਗਿੱਲ ਪਰਿਵਾਰ ਵੱਲੋਂ
*25 ਨਵੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਹਰਦੀਪ ਸਿੰਘ ਸਿੱਧੂ ਪਰਿਵਾਰ ਵੱਲੋਂ
*26 ਨਵੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਕੁਲਵੀਰ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ
*26 ਨਵੰਬਰ ਦਿਨ ਐਤਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਸ਼ਾਮ ਦੇ ਲੰਗਰਾਂ ਦੀ ਸੇਵਾ ਜਰਨੈਲ ਸਿੰਘ ਪਰਿਵਾਰ ਵੱਲੋਂ
*26 ਨਵੰਬਰ ਦਿਨ ਐਤਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਗੁਰਮੇਲ ਸਿੰਘ ਬਰਾੜ ਪਰਿਵਾਰ ਵੱਲੋਂ
*27 ਨਵੰਬਰ ਦਿਨ ਸੋਮਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਮੇਨ ਹਾਲ ਵਿਖੇ ਸਵੇਰੇ 9 ਵਜੇ, ਉਪਰੰਤ ਕਥਾ, ਕੀਰਤਨ ਤੇ ਢਾਡੀ ਦਰਬਾਰ ਸਜਣਗੇ।

### ਅੰਮ੍ਰਿਤ ਸੰਚਾਰ

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ 25 ਨਵੰਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ।ਸਮੂਹ ਅੰਮ੍ਰਿਤ ਅਭਿਲਾਸ਼ੀ ਆਪਣੇ ਨਾਮ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਨੂੰ ਦਰਜ ਕਰਵਾਉਣ।

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਮਨਿੰਦਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ

*ਕਥਾ ਵਾਚਕ-ਭਾਈ ਹਰਜੀਤ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ)778-201-5310, ਭਾਈ ਬਲਵਿੰਦਰ ਸਿੰਘ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# ਮੋਦੀ ਦੇ ਰਾਜ ਵਿਚ ਵਹਿਸ਼ੀਪੁਣਾ:ਰੋਕਥਾਮ ਕਦੋਂ?

## ਮਨੀਪੁਰ ਵਿਚ ਕਤਲੋਗਾਰਤ:ਸਾੜ ਫੂਕ ਤੇ ਔਰਤਾਂ ਦਾ ਸ਼ੋਸ਼ਨ ਹੁੰਦਾ ਰਿਹਾ ਕੀ ਮੋਦੀ ਨੂੰ ਚੁੱਪ ਤੋੜਨ ਦੀ ਵਿਹਲ ਮਿਲੀ?

**ਕਿਸ਼ਤ–1**

**–ਪ੍ਰੋ. (ਡਾ.) ਗੁਰਨਾਮ ਸਿੰਘ ਸੰਘੇੜਾ**

''ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ।।'' (ਸ.ਗ.ਗ.ਸ. : ਪੰਨਾ - 949) ਮਨੀਪੁਰ ਸੂਬਾ, ਜੋ ਭਾਰਤ ਦੇ ਉੱਤਰ ਪੂਰਬ ਵਿਚ ਸਥਿਤ ਹੈ, ਉਹ 4 ਮਈ, 2023 ਤੋਂ ਅਗਜ਼ਨੀ, ਸਾੜ-ਫੂਕ, ਹਿੰਸਕ ਹਮਲਿਆਂ ਤੇ ਤੋੜ-ਫੋੜ ਅਤੇ ਔਰਤਾਂ ਦੀ ਬਲਾਤਕਾਰ ਆਦਿ ਦਾ ਸ਼ਿਕਾਰ ਹੋ ਰਿਹਾ ਸੀ, ਪਰ ਕੀ ਬੀ.ਜੇ.ਪੀ. ਦੀ ਸਰਕਾਰ ਕੰਟਰੋਲ ਨਹੀਂ ਕਰ ਪਾ ਰਹੀ ਸੀ? ਜਾਂ ਕੀ ਇਸ ਪਿੱਛੇ ਕੋਈ ਹੋਰ ਮੁੱਦਾ ਜਾਂ ਕਾਰਨ ਸੀ? ਇਹ ਤਾਂ ਕੋਈ ਨਿਰਪੱਖ ਪੜਤਾਲ ਹੀ ਦੱਸ ਸਕੇਗੀ ਤੇ ਪੜਤਾਲ ਕਰਨ ਵਾਲਾ ਭੀ ਕੋਈ ਚੀਫ ਜਸਟਿਸ ਚੰਦਰਚੂੜ ਵਰਗੀ ਨਿਰਪੱਖਤਾ ਤੇ ਜਾਗਦੀ ਜ਼ਮੀਰ ਤੇ ਰੌਸ਼ਨ ਦਿਮਾਗ ਵਾਲਾ ਚਾਹੀਦਾ ਹੈ। ਭਾਰਤੀ ਕੇਂਦਰ ਸਰਕਾਰ ਨੇ ਭੀ ਉਸ ਭਿਆਨਕ ਸਥਿਤੀ ਬਾਰੇ ਕੋਈ ਖੁੱਲ੍ਹੇਆਮ ਪ੍ਰਤੀਕਰਮ ਨਾ ਦਿੱਤਾ। ਕਿਹਾ ਜਾਂਦਾ ਹੈ ਕਿ ਭਾਰਤੀ ਹੋਮ ਮੰਤਰੀ, ਅਮਿਤ ਸ਼ਾਹ ਉਥੇ ਗਏ ਪਰ ਉਸ ਜਲ, ਸੜ ਤੇ ਹਿੰਸਾਗ੍ਰਸਤ ਮਨੀਪੁਰ ਬਾਰੇ ਕੋਈ ਬਿਆਨ ਨਾ ਦਿੱਤਾ। ਮਨੀਪੁਰ ਦੇ ਨਾਲ ਨਾਗਾਲੈਂਡ, ਆਸਾਮ, ਮਿਜ਼ੋਰਮ, ਬਰਮਾ ਆਦਿ ਲੱਗਦੇ ਹਨ। ਇਸ ਦਾ ਕੁੱਲ ਏਰੀਆ 22,327 ਕਿਲੋਮੀਟਰ ਹੈ। ਇਹ ਅੱਜ ਦੀ ਸ਼ਕਲ ਵਾਲਾ ਸੂਬਾ 1972 ਵਿਚ ਹੋਂਦ ਵਿਚ ਆਇਆ। ਇਸ ਦਾ ਮੁੱਖ ਮੰਤਰੀ ਬਿਰਨ ਸਿੰਘ (ਬੀ.ਜੇ.ਪੀ.) ਹੈ। ਰਾਜਧਾਨੀ ਇਮਫਾਲ ਹੈ। ਇਸ ਦੀ ਦੋ -ਤਿਹਾਈ ਆਬਾਦੀ ਮੇਟੀ ਅਤੇ ਉਹ ਜ਼ਿਆਦਾ ਕਰਕੇ ਹਿੰਦੂ ਹਨ। ਪਹਾੜੀਆਂ ਵਿਚ (ਉੱਤਰ ਤੇ ਦੱਖਣ ਵਿਚ) ਆਦੀਵਾਸੀ ਨਾਗਾ ਤੇ ਕੁੱਕੀ ਰਹਿੰਦੇ ਹਨ। ਆਵਾਜਾਈ ਦੇ ਸਾਧਨ ਚੰਗੇ ਨਹੀਂ ਹਨ। ਵਿਧਾਨ ਸਭਾ ਦੇ ਸੱਠ ਮੈਂਬਰ ਹਨ। ਸਿਹਤ, ਵਿਦਿਆ ਤੇ ਲੋਕ ਭਲਾਈ ਦੀਆਂ ਸਹੂਲਤਾਂ ਭੀ ਵਧੀਆ ਨਹੀਂ ਹਨ। ਉਹ ਤਾਂ ਸਮੁੱਚੇ ਭਾਰਤ ਵਿਚ ਵੇਖਿਆ ਜਾ ਸਕਦਾ ਹੈ। ਹੁਣ ਮੋਦੀ ਤੇ ਅਮਿਤ ਸ਼ਾਹ ਅੱਗੇ ਤਿੰਨ ਵੱਡੀਆਂ ਚੁਣੌਤੀਆਂ ਹਨ ਕਿ ਕੀ ਮੋਦੀ ਵਿਰੋਧੀਆਂ ਨੂੰ ਅਗਾਂਹ ਨੂੰ ਭੀ ਆਪਸ ਵਿਚ ਪਾੜਨ ਤੇ ਲੋਕਾਂ ਵਿਚ ਧਰਮ, ਜਾਤ ਦੇ ਨਾਮ ਉਪਰ ਭੰਨ-ਤੋੜਨ ਕਰਨ ਵਿਚ ਸਫਲ ਹੋ ਜਾਵੇਗਾ? ਹੁਣ ਜੋ ਪਿਛਲੇ ਢਾਈ ਮਹੀਨਿਆਂ ਵਿਚ ਹਿੰਦੂ ਤੇ ਆਦੀਵਾਸੀ ਕੁੱਕੀ ਵਿਚ ਜ਼ਬਰਦਸਤ ਝਗੜੇ ਹੋਏ ਜਾਂ ਕੀ ਕਰਵਾਏ ਗਏ? ਜਿਸ ਵਿਚ ਇਹ ਤਾਂ ਜ਼ਮੀਨੀ ਹਕੀਕਤ ਹੈ ਕਿ ਹਿੰਦੂਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਕੁੱਕੀ ਆਦੀਵਾਸੀ ਕੋਈ ਪੌਣੇ ਪੰਜ ਲੱਖ ਦੇ ਕਰੀਬ ਹਨ ਅਤੇ ਪਹਾੜੀ ਇਲਾਕੇ ਤੇ ਜੰਗਲਾਂ ਵਿਚ ਰਹਿੰਦੇ ਹਨ। ਉਨ੍ਹਾਂ ਦੀ ਜ਼ਮੀਨ ਤੇ ਜੰਗਲ, ਉਨ੍ਹਾਂ ਦੇ ਹਨ ਅਤੇ ਉਨ੍ਹਾਂ ਥਾਵਾਂ ਨੂੰ ਕੋਈ ਗੈਰ ਆਦੀਵਾਸੀ ਖਰੀਦ ਨਹੀਂ ਸਕਦਾ ਤੇ ਨਾ ਉਥੇ ਰਹਿ ਸਕਦਾ ਹੈ। ਪਰ ਹਿੰਦੂਤਵ ਟਰੌਲਜ਼ ਤੇ ਗੋਦੀ ਮੀਡੀਆ, ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਬਹੁਤ ਕੁੱਕੀ ਬਾਹਰੋਂ ਆਏ ਹਨ। ਕੁੱਕੀ ਭਾਰਤ ਦੇਸ਼ ਦੇ ਰਹਿਣ ਵਾਲੇ ਸਨ ਤੇ ਹਨ ਅਤੇ ਆਦੀਵਾਸੀਆਂ ਦੀਆਂ ਆਦੀ ਥਾਵਾਂ, ਰਿਹਾਇਸ਼ ਤੇ ਉਨ੍ਹਾਂ ਥਾਵਾਂ ਵਿਚ ਦੇ ਪਦਾਰਥ ਭਾਰਤੀ ਵਿਧਾਨ ਦੀ ਧਾਰਾ 371 ਤੇ 371 ਦੀਆਂ ਸਬ-ਧਾਰਾਵਾਂ ਰਾਹੀਂ ਸੁਰੱਖਿਅਤ ਹਨ। ਬਿੱਪਰ ਤੇ ਮੋਦੀ ਵਰਗੇ ਹਿੰਦੂਤਵੀਆਂ ਨੂੰ ਇਹ ਗੱਲ ਪਸੰ ਨਹੀਂ। ਮੁੰਡਾ ਆਦੀਵਾਸੀ ਕਬੀਲੇ ਦੇ ਲੜਕੇ ਪ੍ਰਮੋਦ ਪਾਹਨ, ਜੋ 3 ਜਨਵਰੀ 1903 ਨੂੰ ਪੈਦਾ ਹੋਇਆ (ਪਿੱਛੋਂ ਇੰਗਲੈਂਡ ਵਿਚ ਔਕਸਫੋਰਡ ਤੇ ਕੈਮਬ੍ਰਿਜ ਵਿਚ ਉੱਚ ਵਿਦਿਆ ਪ੍ਰਾਪਤ ਕਰਕੇ ਆਈ.ਸੀ.ਐੱਸ. ਦੀ ਪੜ੍ਹਾਈ ਖਤਮ ਕਰ ਭਾਰਤ ਆਇਆ ਸੀ। ਉਥੇ ਉਸ ਦੇ ਪ੍ਰਿੰਸੀਪਲ ਨੇ ਉਸ ਦਾ ਨਾਮ ਜੈਪਾਲ ਸਿੰਘ ਰੱਖ ਦਿੱਤਾ) ਸੀ। ਉਸ ਨੇ ਭਾਰਤੀ ਵਿਧਾਨ ਬਣਾਉਣ ਵਾਲੀ ਅਸੈਂਬਲੀ ਵਿਚ 30 ਅਪ੍ਰੈਲ, 1947 ਨੂੰ ਠੋਕ ਵਜਾ ਕੇ ਆਖਿਆ ਸੀ ਕਿ ਉਹ ਸਭ ਆਦੀਵਾਸੀ ਭਾਰਤ ਦੇ ਅਸਲੀ ਨਾਗਰਿਕ ਤੇ ਇਸ ਜ਼ਮੀਨ ਦੇ ਮਾਲਕ ਸੀ ਤੇ ਹਨ। ਸੋ ਉਨ੍ਹਾਂ ਦੀਆਂ ਜ਼ਮੀਨਾ ਜਿਨ੍ਹਾਂ ਉਪਰ ਤੇ ਜੰਗਲਾਂ ਵਿਚ ਰਹਿੰਦੇ ਹਨ, ਉਹ ਜ਼ਮੀਨਾਂ ਤੇ ਉਨ੍ਹਾਂ ਦੇ ਪਦਾਰਥ, ਸਦੀਵੀ ਤੌਰ ਉੱਤੇ ਆਦੀਵਾਸੀਆਂ ਦੀ ਮਲਕੀਅਤ ਰਹਿਣਗੇ। ਪਰ ਉਸ ਹੀ ਸਮੇਂ ਬਿਪਰਵਾਦੀ ਸੋਚ ਵਾਲੇ ਕੇ.ਐੱਮ. ਮੁਨਸ਼ੀ ਨੇ ਇਸ ਵਿਚ ਸੋਧ ਦੇ ਸ਼ਬਦ ਪਾਉਣ ਲਈ ਕਿਹਾ ਕਿ ਇਸ ਦੇਸ਼ ਦੇ ਹਰ ਨਾਗਰਿਕ ਦਾ ਹੱਕ ਹੋਵੇਗਾ ਕਿ ਉਹ ਜਿੱਥੇ ਮਰਜ਼ੀ ਰਹੇ ਤੇ ਜਿੱਥੇ ਮਰਜ਼ੀ ਜ਼ਮੀਨ, ਜਾਇਦਾਦ ਖਰੀਦੇ ਅਤੇ ਜਿਹੜਾ ਮਰਜ਼ੀ ਕਿੱਤਾ ਕਰੇ। ਪਿੱਛੋਂ ਡਾ. ਪੀ.ਐੱਸ. ਦੇਸ਼ਮੁੱਖ ਨੇ ਸੋਧ ਦੇ ਹੱਕ ਵਿਚ ਕਿਹਾ ਕਿ ਜਮਹੂਰੀਅਤ ਵਿਚ ਹਰ ਇਕ ਬਰਾਬਰ ਹੁੰਦਾ ਹੈ, ਪਰ ਇਕ ਸੈਕਸ਼ਨ ਨੂੰ ਵਿਸ਼ੇਸ਼ ਹੱਕ ਦੇਣਾ, ਤਾਂ ਨਾਬਰਾਬਰੀ ਪੈਦਾ ਕਰੇਗਾ - ਪਰ ਹਾਲ ਦੀ ਘੜੀ ਬਾਕੀ ਹੋਰ ਤਜਵੀਜ਼ਾਂ ਆਉਣ ਦਿਉ ਤੇ ਮੇਰੇ ਦੋਸਤ ਜੈਪਾਲ ਸਿੰਘ ਦੀ ਗੱਲ ਬਾਰੇ ਸੋਚ ਲਵਾਂਗੇ। ਨਹੀਂ ਲੋਕ ਕਹਿਣਗੇ ਕਿ ਵਿਧਾਨ ਬਣਾਉਣ ਵਾਲਿਆਂ ਨੇ ਨਿੱਜੀ ਹਿੱਤਾਂ ਦਾ ਪੱਖ ਪੂਰਿਆ ਹੈ। ਕਿੱਡੀ ਸ਼ਾਤਰ ਤੇ ਮੱਕਾਰ ਭਰੀ ਕਥਨੀ ਹੈ। ਕੀ ਜੈਪਾਲ ਸਿੰਘ ਆਪਣੇ ਸੁਆਰਥ ਲਈ ਆਖ ਰਿਹਾ ਸੀ? ਨਹੀਂ, ਉਹ ਤਾਂ ਭਾਰਤ ਦੇ ਘੱਟ ਵਿਕਸਿਤ ਪਰ ਆਪਣੇ ਵਿਰਸੇ ਤੇ ਉਨ੍ਹਾਂ ਦੇ ਸਾਧਨਾਂ ਤੇ ਨਿੱਜੀ ਜਾਇਦਾਦਾਂ ਦੀ ਰਾਖੀ ਦੀ ਗੱਲ ਕਰ ਰਿਹਾ ਸੀ। ਪਿੱਛੋਂ ਜੈਪਾਲ ਸਿੰਘ ਨੇ ਉਨ੍ਹਾਂ ਵੱਲੋਂ ਜਮਹੂਰੀਅਤ ਤੇ ਬਰਾਬਰੀ 'ਤੇ ਉਸ ਪਿੱਛੇ ਉਨ੍ਹਾਂ ਦੇ ਸੋਚੇ ਹੋਏ ਚੌਖਟੇ ਦੇ ਪਰਖਚੇ ਉਡਾਏ। (ਇਹ ਬਿਰਤਾਂਤ ਕਿਸੇ ਹੋਰ ਸਮੇਂ)। ਪਰ ਫਿਰ ਭੀ ਉਸ ਨੇ ਆਦੀਵਾਸੀਆਂ ਦੀ ਸੁਰੱਖਿਆ ਲਈ ਪ੍ਰਾਪਤੀਆਂ ਹਾਸਲ ਕੀਤੀਆਂ। ਪਰ ਅੱਜ ਮੋਦੀ ਉਨ੍ਹਾਂ ਰਾਖੀ ਵਾਲੀਆਂ ਧਾਰਾਵਾਂ ਨੂੰ ਬਹੁਗਿਣਤੀਵਾਦ (ਮਜੌਰੇਟੇਰੀਆਨਿਜ਼ਮ) ਨਾਲ ਜ਼ਬਰਦਸਤ ਖੋਰਾ ਲਾ ਰਿਹਾ ਹੈ। ਸਰਾਕਰ ਦੇ ਤੇ ਹਿੰਦੂਤਵਾ ਦੇ ਟਰੌਲਜ਼ ਤੇ ਕਈ ਪੱਤਰਕਾਰ ਗਲਤ ਅਫਵਾਹਾਂ ਫੈਲਾਉਂਦੇ ਅਤੇ ਝੂਠੀਆਂ ਖਬਰਾਂ ਲਿਖਦੇ ਹਨ, ਤਾਂ ਕਿ ਵਿਰੋਧੀ ਧਿਰ ਨੂੰ ਬਦਨਾਮ ਕੀਤਾ ਜਾਵੇ। ਭਾਰਤੀ ਏਜੰਸੀਆਂ ਤੇ ਉਨ੍ਹਾਂ ਦੇ ਅੰਧ ਭਗਤਾਂ ਵੱਲੋਂ ਫਰਜ਼ੀ ਹਾਦਸੇ, ਦੁਰਘਟਨਾਵਾਂ ਜਾਂ ਵਿਰੋਧੀਆਂ ਦੀ ਬਦਨਾਮੀ ਲਈ ਫਰਜ਼ੀ ਕਾਨਫਰੰਸਾਂ ਆਦਿ ਬਾਰੇ ਲਿਖਿਆ ਤੇ ਪ੍ਰਚਾਰਿਆ ਜਾਂਦਾ ਹੈ (ਅਤੇ ਕਾਫੀ ਸਮੇਂ ਤੋਂ ਯੂਰਪ ਤੇ ਕੈਨੇਡਾ ਆਦਿ) ਸਥਾਨ ਦੱਸੇ ਜਾਂਦੇ ਹਨ। ਫਿਰ ਭਾਰਤੀ ਗੋਦੀ ਮੀਡੀਆ ਉਨ੍ਹਾਂ ਕਲਪਿਤ (ਗਲਤ) ਬਿਰਤਾਂਤਾਂ ਤੇ ਘਟਨਾਵਾਂ ਨੂੰ ਭਾਰਤ ਵਿਚ ਤੇ ਮੁੜ ਵਿਦੇਸ਼ਾਂ ਵਿਚ ਪ੍ਰਚਾਰਦਾ ਹੈ। ਇਸ ਬਾਰੇ ਕੈਨੇਡਾ ਦੇ ਟੋਰਾਂਟੋ ਸਟਾਰ ਦੇ ਅਖਬਾਰ ਨੇ ਕੋਈ ਦੋ ਹਫਤੇ ਪਹਿਲਾਂ, ਬਹੁਤ ਵੱਡੇ ਲੇਖ ਵਿਚ, ਸਭ ਕੁੱਝ ਨੰਗਾ ਕੀਤਾ ਹੈ (ਜੋ 4 ਜੁਲਾਈ, 2023 ਨੂੰ ਛਪਿਆ ਹੈ। ਜ਼ਰਾ ਪੜ੍ਹੋ ਤੇ ਫਿਰ ਲੋਕਾਂ ਵਿਚ ਨੰਗੇ ਕਰੋ)। ਮਨੀਪੁਰ ਦੇ ਕੁੱਝ ਹਿੰਦੂ ਭੀ ਆਪਣੇ ਆਪ ਨੂੰ ਸ਼ਡੀਊਲਡ ਟਰਾਈਬਜ਼ ਦਾ ਦਰਜਾ/ਨਾਮ ਲੈਣਾ ਚਾਹੁੰਦੇ ਅਤੇ ਬਾਕਾਇਦਾ ਸਰਕਾਰੀ ਮਾਨਤਾ ਪ੍ਰਾਪਤ ਕਰਕੇ ਆਦੀਵਾਸੀਆਂ ਵਾਲੀਆਂ ਸਭ ਸਹੂਲਤਾਂ, ਹੱਕ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਸੋ ਅਸਲੀ ਕੁੱਕੀ ਆਦੀਵਾਸੀ ਇਸ ਦਾ ਵਿਰੋਧ ਕਰਦੇ ਹਨ ਕਿ ਹਿੰਦੂ ਆਦੀਵਾਸੀ ਨਹੀਂ ਹਨ ਤੇ ਪਹਿਲਾਂ ਤਾਂ ਉਨ੍ਹਾਂ ਦੇ ਨਾਲ ਕਦੇ ਜੰਗਲਾਂ ਵਿਚ ਉਨ੍ਹਾਂ ਵਾਲੀਆਂ ਜ਼ਮੀਨਾ 'ਤੇ ਰਹਿੰਦੇ ਹੀ ਨਹੀਂ ਸਨ ਅਤੇ ਆਪਣੇ ਆਪ ਨੂੰ ਹਿੰਦੂ ਗਰਦਾਨਦੇ ਰਹੇ ਹਨ, ਤਾਂ ਉਹ ਕਿਵੇਂ ਆਦੀਵਾਸੀ ਬਣ ਸਕਦੇ ਜਾਂ ਅਖਵਾ ਸਕਦੇ ਹਨ। ਮਨੀਪੁਰ ਦੀ ਸਰਕਾਰ ਤੇ ਮੋਦੀ ਸਰਕਾਰ ਇਸ ਤਰ੍ਹਾਂ ਦੇ ਹਿੰਦੂ ਲੋਕਾਂ ਦੀ ਮੰਗ ਬਾਰੇ ਸੋਚਦੇ ਹੋ ਸਕਦੇ ਹਨ। ਪਰ ਇਸ ਮਸਲੇ 'ਤੇ ਹੋਰ ਕਾਰਨਾਂ ਬਾਰੇ ਕਿਸੇ ਹੋਰ ਸਮੇਂ। ਪਰ ਹੁਣ ਤਾਂ ਸਭ ਤੋਂ ਵੱਡਾ ਤੇ ਅਹਿਮ ਸਵਾਲ ਇਹ ਹੈ ਕਿ ਮੁੱਖ ਮੰਤਰੀ ਬ੍ਰਿੰਦਰ ਸਿੰਘ ਨੇ ਮੋਦੀ ਦੇ ਬੋਲਣ ਤੋਂ ਪਹਿਲਾਂ ਕਿਉਂ ਸਖਤ ਕਦਮ ਨਾ ਉਠਾਏ? ਜਦੋਂ ਕੁੱਝ ਰਿਪੋਰਟਰਾਂ ਨੇ ਮੁੱਖ ਮੰਤਰੀ ਨੂੰ ਪੁੱਛਿਆ ਕਿ ਇੰਨੀ ਦੇਰ ਤੋਂ ਮਨੀਪੁਰ (78 ਦਿਨਾਂ ਤੋਂ) ਜਲ ਰਿਹਾ ਸੀ, ਲੋਕਾਂ ਦੇ ਘਰ, ਕੁੱਲੀਆਂ ਆਦਿ ਦੀ ਸਾੜ-ਫੂਕ ਹੋ ਰਹੀ ਸੀ ਅਤੇ ਬਹੁਗਿਣਤੀ ਦੇ ਮੇਟੀ ਲੋਕ ਆਦੀਵਾਸੀਆਂ ਦੀਆਂ ਔਰਤਾਂ ਨਾਲ ਵਹਿਸ਼ੀਪੁਣੇ ਦਾ ਵਿਵਹਾਰ ਕਰ ਰਹੇ ਸਨ। 4 ਮਈ, 2023 ਨੂੰ ਤਿੰਨ ਆਦੀਵਾਸੀ ਔਰਤਾਂ ਨੂੰ ਬਚਾ ਕੇ ਪੁਲਿਸ ਲਿਜਾ ਰਹੀ ਸੀ, ਤਾਂ ਬਹੁਗਿਣਤੀ ਦੀ ਭੀੜ ਪੁਲਿਸ ਦੀ ਸੁਰੱਖਿਆ ਵਿਚੋਂ ਕਿਵੇਂ ਖੋਹ ਕੇ ਲੈ ਗਈ ਅਤੇ ਫਿਰ ਉਨ੍ਹਾਂ ਨੌਜਵਾਨ ਔਰਤਾਂ ਨੂੰ ਪੂਰਨ ਤੌਰ 'ਤੇ ਨਿਰਬਸਤਰ ਕਰਕੇ ਘੁਮਾਇਆ ਤੇ ਭੀੜ ਦੇ ਨੌਜਵਾਨ ਮਰਦ ਉਨ੍ਹਾਂ ਦੇ ਗੁਪਤ ਅੰਗਾਂ ਨਾਲ ਛੇੜਛਾੜ ਕਰਦੇ ਰਹੇ ਤੇ ਅੰਨਿਆਂ ਵਾਂਗ ਟਟੋਲਦੇ ਰਹੇ। ਫਿਰ ਨੌਜਵਾਨ ਔਰਤਾਂ ਨੂੰ ਖੇਤਾਂ ਵੱਲ ਧੂਹ ਕੇ ਲੈ ਗਏ ਤੇ ਉਨ੍ਹਾਂ ਨਾਲ ਸਮੂਹਿਕ ਬਲਾਤਕਾਰ ਕੀਤਾ। ਇਕ ਲੜਕੀ ਦੇ ਭਰਾ-ਭੈਣ ਦੀ ਰੱਖਿਆ ਦੀ ਕੋਸ਼ਿਸ਼ ਕੀਤੀ, ਤਾਂ ਉਸ ਭਰਾ ਤੇ ਬਾਪ ਦੀ ਹੱਤਿਆ ਕਰ ਦਿੱਤੀ। ਸਵਾਲ ਇਹ ਭੀ ਹੈ ਕਿ ਜਦੋਂ ਭੀੜ ਪੁਲਿਸ ਤੋਂ ਛੁਡਾ ਜਾਂ ਖੋਹ ਕੇ ਲੈ ਗਈ, ਤਾਂ ਪੁਲਿਸ ਨੇ ਹੋਰ ਪੁਲਿਸ ਜਾਂ ਇਲਾਕੇ ਵਿਚ ਬੈਠੀ ਫੌਜ ਨੂੰ ਕਿਉਂ ਨਾ ਸੱਦਿਆ। ਹਾਕਮਾਂ ਨੂੰ ਇਕਦਮ ਜਾਣਕਾਰੀ ਕਿਉਂ ਨਾ ਦਿੱਤੀ? ਦੱਸਿਆ ਜਾਂਦਾ ਹੈ ਕਿ ਉਸ ਥਾਂ ਤੋਂ ਥਾਣਾ ਭੀ ਬਹੁਤ ਦੂਰ ਨਹੀਂ ਸੀ। ਇਸ ਤਰ੍ਹਾਂ ਦੀ ਹੈਵਾਨੀਅਤ ਨੂੰ ਕਿਵੇਂ ਵੇਖਿਅ ਜਾ ਸਕਦਾ ਹੈ। ਹਰ ਜ਼ਿੰਦਾਦਿਲ ☞




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

ਦੇਗ ਤੇਗ ਫਤਿਹ

ਪੰਥ ਕੀ ਜੀਤ

www.akalisinghgurdwara.ca



ਸਮੂਹ ਸਿੱਖ ਸੰਗਤ ਨੂੰ ਪਹਿਲੇ ਪਾਤਿਸ਼ਾਹ ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ!

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਇਸ ਜੋੜ ਮੇਲੇ ਤੇ ਸਾਰੀ ਸੇਵਾ ਸ਼ਰਧਾਲੂ ਪਰਿਵਾਰਾਂ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਲਈ ਕੀਤੀ ਜਾ ਰਹੀ ਹੈ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ- 25 ਨਵੰਬਰ 2023, ਦਿਨ ਸ਼ਨੀਵਾਰ ਸ਼ਾਮ 6:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 27 ਨਵੰਬਰ 2023, ਦਿਨ ਸੋਮਵਾਰ ਸ਼ਾਮ 6:00 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ

25 ਨਵੰਬਰ, ਦਿਨ ਸ਼ਨਿੱਚਰਵਾਰ......ਸਵੇਰ ਨੂੰ ਲੰਗਰ ਦੀ ਸੇਵਾ ਗਰਚਾ ਪਰਿਵਾਰ ਅਤੇ ਕੰਗ ਪਰਿਵਾਰ ਵਲੋਂ ਹੋਵੇਗੀ।

25 ਨਵੰਬਰ, ਦਿਨ ਸ਼ਨਿੱਚਰਵਾਰ......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

25 ਨਵੰਬਰ, ਦਿਨ ਸ਼ਨਿੱਚਰਵਾਰ ਸ਼ਾਮ 3:00 ਵਜੇ ਫਲੂ ਦੇ ਟੀਕੇ ਲਾਏ ਜਾਣਗੇ, ਆਪਣਾ ਕੇਅਰ ਕਾਰਡ ਨਾਲ ਲੈ ਕੇ ਆਉਣਾ ਜੀ।

25 ਨਵੰਬਰ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ 6:00 ਵਜੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ ਜਿਸ ਦੇ ਭੋਗ 27 ਨਵੰਬਰ ਦਿਨ ਸੋਮਵਾਰ ਸ਼ਾਮ ਨੂੰ 6:00 ਵਜੇ ਪਾਏ ਜਾਣਗੇ, ਸੇਵਾ ਸ਼ਰਧਾਲੂ ਪਰਿਵਾਰਾਂ ਵਲੋਂ ਹੋਵੇਗੀ।

26 ਨਵੰਬਰ, ਦਿਨ ਐਤਵਾਰ..........ਸਵੇਰ ਦੇ ਲੰਗਰ ਦੀ ਸੇਵਾ ਬੀਬੀ ਕਮਲਜੀਤ ਕੌਰ ਕਲੇਰ ਪਰਿਵਾਰ ਅਤੇ ਭਾਈ ਰਘਵੀਰ ਸਿੰਘ ਤੂਰ ਪਰਿਵਾਰ ਵਲੋਂ ਹੋਵੇਗੀ।

26 ਨਵੰਬਰ, ਦਿਨ ਐਤਵਾਰ..........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸੁਖਦੇਵ ਸਿੰਘ ਮੱਲ੍ਹੀ ਦੇ ਪਰਿਵਾਰ ਵਲੋਂ ਹੋਵੇਗੀ।

26 ਨਵੰਬਰ, ਦਿਨ ਐਤਵਾਰ..........ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਲਵਪਰੀਤ ਸਿੰਘ ਸੰਧੂ ਅਤੇ ਪਰਿਵਾਰ ਵਲੋਂ ਹੋਵੇਗੀ।

3 ਦਸੰਬਰ, ਦਿਨ ਐਤਵਾਰ............ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ     ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਤਾਮਿਲਨਾਡੂ 'ਚ ਸੱਤਾਧਾਰੀ ਭਾਈਵਾਲ ਦਲਿਤਾਂ 'ਤੇ ਹੋ ਰਹੇ ਅੱਤਿਆਚਾਰਾਂ 'ਤੇ ਆਵਾਜ਼ ਉਠਾਉਂਦਾ ਹੈ

ਚੇਨਈ:- ਦ੍ਰਵਿੜ ਮੁਨੇਤਰ ਕੜਗਮ (ਡੀਐਮਕੇ) ਦੇ ਸਹਿਯੋਗੀ ਵਿਦੁਥਲਾਈ ਚਿਰੂਥਾਈਗਲ ਕਾਚੀ ਨੇ ਰਾਜ ਵਿੱਚ ਦਲਿਤਾਂ ਵਿਰੁੱਧ ਵੱਧ ਰਹੇ ਅੱਤਿਆਚਾਰਾਂ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਤਾਮਿਲਨਾਡੂ ਵਿੱਚ ਸੱਤਾਧਾਰੀ ਪਾਰਟੀ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ।

ਇਹ ਚਿੰਤਾ ਵੀਸੀਕੇ ਦੇ ਮੁੱਖ ਦਫਤਰ ਵਿਖੇ ਹੋਈ ਉੱਚ ਪੱਧਰੀ ਕਮੇਟੀ ਦੀ ਮੀਟਿੰਗ ਦੌਰਾਨ ਉਠਾਈ ਗਈ ਸੀ ਜਿਸ ਦੀ ਪ੍ਰਧਾਨਗੀ ਪਾਰਟੀ ਪ੍ਰਧਾਨ ਥੋਲ ਥਿਰੁਮਾਵਲਵਨ ਨੇ ਕੀਤੀ ਸੀ।

ਮੀਟਿੰਗ ਦੌਰਾਨ ਪਾਰਟੀ ਨੇ ਕਈ ਮਤੇ ਪਾਸ ਕੀਤੇ।ਇੱਕ ਮਤੇ ਵਿੱਚ ਕਿਹਾ ਗਿਆ ਕਿ ਸੂਬੇ ਭਰ ਵਿੱਚ ਦਲਿਤਾਂ ਵਿਰੁੱਧ ਜਾਤੀ ਅੱਤਿਆਚਾਰ ਦਿਨੋ-ਦਿਨ ਵੱਧ ਰਹੇ ਹਨ। ਖਾਸ ਕਰਕੇ ਦੱਖਣੀ ਜ਼ਿਲ੍ਹਿਆਂ ਵਿੱਚ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ।

ਇਸ ਦਾ ਮੁੱਖ ਕਾਰਨ ਸਨਾਤਨ ਸ਼ਕਤੀਆਂ ਦੁਆਰਾ ਧਰਮ ਦੀ ਆੜ ਵਿੱਚ ਪ੍ਰਚਾਰੀ ਜਾਤੀ ਹੰਕਾਰ ਦੀ ਰਾਜਨੀਤੀ ਹੈ।ਮਤੇ ਵਿੱਚ ਸੂਬਾ ਸਰਕਾਰ ਨੂੰ ਅਜਿਹੇ ਅੱਤਿਆਚਾਰਾਂ ਨੂੰ ਰੋਕਣ ਲਈ ਫੈਸਲਾਕੁੰਨ ਕਦਮ ਚੁੱਕਣ ਦੀ ਮੰਗ ਕੀਤੀ ਗਈ।

ਇੱਕ ਮਹੱਤਵਪੂਰਨ ਕਦਮ ਵਿੱਚ, ਪਾਰਟੀ ਨੇ ਸਰਕਾਰ ਨੂੰ ਦਲਿਤ-ਸਬੰਧਤ ਜੁਰਮਾਂ ਵਿੱਚ ਫਸੇ ਵਿਅਕਤੀਆਂ ਦੇ ਵਿਰੁੱਧ ਗੈਰ-ਜ਼ਮਾਨਤੀ ਰੋਕਥਾਮ ਐਕਟ ਨੂੰ ਲਾਗੂ ਕਰਕੇ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਤਾਕਤਵਰ ਬਣਾਉਣ ਦੀ ਵੀ ਅਪੀਲ ਕੀਤੀ।

# ਕ੍ਰਿਕਟ ਵਿਸ਼ਵ ਕੱਪ 'ਚ ਭਾਰਤ ਦੀ ਹਾਰ ਤੋਂ ਦੁਖੀ ਨੌਜੁਆਨ ਨੇ ਖੁਦਕੁਸ਼ੀ ਕੀਤੀ



ਬਾਂਕੁੜਾ (ਪਛਮੀ ਬੰਗਾਲ): ਕ੍ਰਿਕਟ ਵਿਸ਼ਵ ਕੱਪ ਫਾਈਨਲ ਵਿਚ ਆਸਟ੍ਰੇਲੀਆ ਹੱਥੋਂ ਭਾਰਤ ਦੀ ਹਾਰ ਤੋਂ ਬਾਅਦ ਪਛਮੀ ਬੰਗਾਲ ਦੇ ਬਾਂਕੁੜਾ ਜ਼ਿਲ੍ਹੇ 'ਚ ਇਕ 23 ਸਾਲਾ ਨੌਜਵਾਨ ਨੇ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ।

ਉਸ ਦੇ ਪਰਿਵਾਰਕ ਜੀਆਂ ਨੇ ਇਸ ਦੀ ਜਾਣਕਾਰੀ ਦਿਤੀ। ਪੁਲਿਸ ਨੇ ਦਸਿਆ ਕਿ ਘਟਨਾ ਐਤਵਾਰ ਰਾਤ ਕਰੀਬ 11 ਵਜੇ ਬੇਲਿਆਟੋਰ ਥਾਣਾ ਖੇਤਰ ਦੇ ਸਿਨੇਮਾ ਹਾਲ ਦੇ ਕੋਲ ਵਾਪਰੀ।

ਉਨ੍ਹਾਂ ਦਸਿਆ ਕਿ ਮ੍ਰਿਤਕ ਨੌਜਵਾਨ ਦੀ ਪਛਾਣ ਰਾਹੁਲ ਲੋਹਾਰ ਵਜੋਂ ਹੋਈ ਹੈ।

---

☞ ਤੇ ਜ਼ਮੀਰ ਵਾਲੇ ਵਿਅਕਤੀ ਦੀ ਰੂਹ ਕੁਰਲਾ ਉੱਠੇਗੀ। ਨੀਂਦ ਤਾਂ ਕੀ ਆਉਣੀ ਹੈ, ਬੰਦਾ ਤਾਂ ਆਰਾਮ ਨਾਲ ਬੈਠ ਨਹੀਂ ਸਕਦਾ। ਕੀ ਉਹ ਨੌਜਵਾਨ ਔਰਤਾਂ ਦੂਜੇ ਇਨਸਾਨਾਂ ਨੂੰ ਆਪਣੀਆਂ ਭੈਣਾਂ ਜਾਂ ਧੀਆਂ ਨਹੀਂ ਅਨੁਭਵ ਹੁੰਦੀਆਂ। ਜੇ ਜ਼ਮੀਰ ਜ਼ਿੰਦਾ ਤੇ ਜਾਗਦੀ ਹੋਵੇ, ਤਾਂ ਉਹ ਵਿਅਕਤੀ ਤਾਂ ਉਨ੍ਹਾਂ ਲੜਕੀਆਂ ਦੀ ਇੱਜ਼ਤ, ਆਬਰੂ ਬਚਾਉਣ ਲਈ ਆਪਣੇ ਸਰੀਰ ਦੀ ਬਾਜ਼ੀ ਲਾਵੇਗਾ। ਇਹ ਕਾਰਨ ਸੀ ਕਿ ਸਿੱਖਾਂ ਨੇ ਗੈਰ ਸਿੱਖਾਂ ਦੀਆਂ ਹਜ਼ਾਰਾਂ ਔਰਤਾਂ ਨੂੰ (ਜਿਨ੍ਹਾਂ ਨੂੰ ਅਬਦਾਲੀ ਜਬਰੀ ਲਿਜਾ ਰਿਹਾ ਸੀ) ਬਚਾਉਣ ਲਈ ਰਾਤਾਂ ਨੂੰ ਅਬਦਾਲੀ ਦੇ ਕੈਂਪਾਂ ਉੱਤੇ ਹਮਲੇ ਕਰ ਕਰਕੇ ਛੁਡਾਇਆ ਤੇ ਵਾਪਸ ਉਨ੍ਹਾਂ ਦੇ ਘਰੀਂ ਪਹੁੰਚਾਇਆ।

ਅੱਜ ਭੀ ਖਾਲਸਾ ਇਵੇਂ ਹੀ (ਲੋੜ ਪੈਣ 'ਤੇ) ਕਰੇਗਾ। ਪਰ ਜਦੋਂ ਮੁੱਖ ਮੰਤਰੀ ਨੂੰ ਸਵਾਲ ਪੁੱਛਿਆ, ਤਾਂ ਉਸ ਨੇ ਕਿਹਾ ਕਿ ਇਹ ਕੋਈ ਵਿਸ਼ੇਸ਼ ਘਟਨਾ ਨਹੀਂ, ਆਮ ਹੁੰਦੀਆਂ ਹਨ। ਜੇ ਆਮ ਹੁੰਦੀਆਂ ਹਨ, ਤਾਂ ਕੀ ਫਿਰ ਸੂਬਾਈ ਤੇ ਕੇਂਦਰੀ ਮੋਦੀ, ਅਮਿਤਸ਼ਾਹ ਨੂੰ ਪਤਾ ਨਹੀਂ? ਰਿਪੋਰਟਰ ਤੇ ਮੰਨੇ-ਪ੍ਰਮੰਨੇ ਪਰਸੁਨ ਬਾਜਪਈ ਨੇ ਦੱਸਿਆ ਕਿ ਮੁੱਖ ਮੰਤਰੀ ਠੀਕ ਆਖਦਾ ਹੈ, ਕਿਉਂਕਿ ਇਸ ਰਤ੍ਹਾਂ ਦੀਆਂ ਹਰ ਸਾਲ ਸੈਂਕੜੇ ਵਹਿਸ਼ੀਪੁਣੇ ਦੀਆਂ ਵਾਰਦਾਤਾਂ ਹੁੰਦੀਆਂ ਹਨ। ਭਾਰਤ ਦਾ ਨੈਸ਼ਨਲ ਕਰਾਈਮ ਬਿਊਰੋ, ਭਾਰਤੀ ਹੋਮ ਮੰਤਰਾਲੇ ਨੂੰ ਸਾਰੇ ਭਾਰਤ ਵਿਚੋਂ ਹਰ ਸਮੇਂ ਲਗਾਤਾਰ ਬਲਾਤਕਾਰ, ਅਗਵਾ ਕਰਨ (ਕਿਡਨੈਪ) ਤੇ ਸਾਈਬਰ ਜੁਰਮ (ਭਾਵ ਕੰਪਿਊਟਰ, ਇੰਟਰਨੈੱਟ/ਨੈੱਟਵਰਕ ਜੰਤਰ ਜਾਂ ਨੈੱਟਵਰਕ ਦੀ ਮੁਜਮਾਨਾਂ ਕਾਰਵਾਈ ਬਾਰੇ ਜਾਣਕਾਰੀ ਪਹੁੰਚਦੀ ਰਹਿੰਦੀ ਹੈ। ਫਿਰ ਹੋਮ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਕਿਉਂ ਨਹੀਂ ਪਤਾ? ਇਹ ਕਿਵੇਂ ਹੋ ਸਕਦਾ ਹੈ ਕਿ ਉਸ ਨੂੰ ਪਤਾ ਨਾਂ ਹੋਵੇ। ਜੇ ਪਤਾ ਨਹੀਂ ਤਾਂ ਉਹ ਪ੍ਰਧਾਨ ਮੰਤਰੀ ਪਦ ਲਈ ਅਯੋਗ ਹੈ।

ਚਰਚਾ ਹੈ ਕਿ ਮਨੀਪੁਰ ਵਿਚ ਹਰ ਸਾਲ ਡੇਢ ਦੋ ਸੌ ਤੋਂ ਉਪਰ ਐਸੇ ਪਸ਼ੂਪੁਣੇ ਵਾਲੀਆਂ ਵਾਰਦਾਤਾਂ ਹੁੰਦੀਆਂ ਹਨ। 77 ਦਿਨਾਂ ਪਿੱਛੋਂ ਮੋਦੀ ਢੌਂਗੀ ਅੱਥਰੂ ਕੇਰਦਾ ਕਿਹਾ ਜਾਂਦਾ ਹੈ। ਆਖਦਾ ਹੈ, ''ਮੇਰਾ ਦਿਲ ਦੁੱਖ ਤੇ ਗੁੱਸੇ ਨਾਲ ਭਰਿਆ ਹੈ।'' ਮਨੀਪੁਰ ਦੀ ਹਿੰਸਾ ਬਾਰੇ ਤਾਂ ਮੋਦੀ ਨੂੰ ਅਮਰੀਕਾ ਵਿਚ ਲੋਕ ਪ੍ਰਦਰਸ਼ਨਾਂ ਵਿਚ ਤੇ 75 ਕਾਂਗਰਸ ਦੇ ਮੈਂਬਰਾਂ ਨੇ ਵਰਣਨ ਕੀਤਾ ਤੇ ਫਿਰ ਮੋਦੀ ਸਮਾਗਮ ਦਾ ਬਾਈਕਾਟ ਕੀਤਾ ਸੀ। ਹੁਣ ਤਾਂ ਹਾਹਾਕਾਰ ਮਚੀ, ਤਾਂ ਮੋਦੀ ਬੋਲਿਆ। ਚਰਚਾ ਹੈ ਕਿ ਮੁੱਖ ਮੰਤਰੀ ਨੇ 14 ਤੇ 25 ਮਈ ਨੂੰ ਦਿੱਲੀ ਆ ਕੇ ਹੋਮ ਮੰਤਰੀ ਨੂੰ ਪੂਰੀਆਂ ਰਿਪੋਰਟਾਂ ਤੱਕ ਦਿੱਤੀਆਂ। ਇਥੋਂ ਤੱਕ ਕਿ ਉਥੇ ਹਿੰਸਾ ਦੇ ਸੰਬੰਧ ਵਿਚ ਗੋਲੀ ਭੀ ਚਲਾਉ, ਫਿਰ ਪੁਲਿਸ ਚੁੱਪ ਕਿਉਂ? ਮੋਦੀ ਚੁੱਪ ਕਿਉਂ? (ਇਸ ਦੇ ਵਿਸਥਾਰ ਬਾਰੇ ਅਗਲੇ ਹਫਤੇ)। ਕਲਕੱਤੇ ਤੋਂ ''ਦਾ ਟੈਲੀਗਰਾਫ'' ਨੇ ਮੋਦੀ ਦੇ ਸ਼ਬਦਾਂ/ਅੱਥਰੂਆਂ ਨੂੰ 'ਮੱਗਰਮੱਛ ਦੇ ਹੰਝੂ' ਕਿਹਾ ਹੈ। ਕੀ ਐਸਾ ਹੁੰਦਾ ਤੇ ਹੋ ਸਕਦਾ ਹੈ? '' ਸਾਚ ਛਾਡਿ ਕੈ ਝੂਠਹ ਲਾਗਿਓ ਜਨਮ ਅਕਾਰਥੁ ਖੋਇਓ।। (ਸ.ਗ.ਗ.ਸ. : ਪੰਨਾ - 633)

**-ਚਲਦਾ**


GTP MARVELOUS COLLEGE INC.

*IELTS
*CELPIP
*CLB

• Certified Translation Services
• Interview Preparation

ਅੰਗਰੇਜ਼ੀ ਬੋਲਣਾ ਸਿੱਖੋ

604-725-3340
778-895-3340
#207-7928-128St, Surrey (York Center)
Email:avirdi4@gmail.com
Web:englishisveryeasy.com



Prof. Avtar S. Virdi
(Director & Author)

ਹਰ ਤਰ੍ਹਾਂ ਦੇ ਟੈਕਸ ਦੇ ਪੇਪਰ ਭਰਵਾਉ

File Your Taxes
E-I, CPP, Old Age Pension, Personal Taxes

ਹਰ ਤਰ੍ਹਾਂ ਦੇ ਫਾਰਮ ਭਰਵਾਉਣ ਲਈ ਕਾਲ ਕਰੋ
CITIZENSHIP-PASSPORT-VISITOR VISA
PCC-MSP-PR CARD
Noris Virdi 604-446-0346



# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਗੁਰਗੱਦੀ ਦਿਵਸ ਗੁਰੂ ਗੋਬਿੰਦ ਸਿੰਘ ਜੀ, ਸ਼ਹੀਦੀ ਦਿਹਾੜਾ ਗੁਰੂ ਤੇਗ ਬਹਾਦਰ ਜੀ, ਸ਼ਹੀਦੀ ਦਿਹਾੜਾ ਭਾਈ ਮਤੀਦਾਸ ਜੀ, ਸਤੀਦਾਸ ਜੀ ਅਤੇ ਭਾਈ ਦਿਆਲ ਜੀ ਦਾ ਮਨਾਇਆ ਜਾਵੇਗਾ ਅਤੇ 5 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ: 1. ਨਗਰ ਨੰਗਲ ਮੱਝਾ ਦੀ ਸੰਗਤ ਵੱਲੋਂ 2. ਭਾਈ ਗੁਰਦੇਵ ਸਿੰਘ ਦੇਹਲ ਪਰਿਵਾਰ ਵੱਲੋਂ 3. ਭਾਈ ਸਤਨਾਮ ਸਿੰਘ ਜੌਹਲ ਪਰਿਵਾਰ ਵੱਲੋਂ 4. ਬੀਬੀ ਪ੍ਰਕਾਸ਼ ਕੌਰ ਮੱਟੂ ਪਰਿਵਾਰ ਵੱਲੋਂ 5. ਬੀਬੀ ਤੇਜਿੰਦਰ ਕੌਰ ਪਰਿਵਾਰ ਵੱਲੋਂ
ਇਹ ਅਖੰਡਪਾਠ ਸਾਹਿਬ 24 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 26 ਨਵੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*24 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਬੀਬੀ ਕੰਵਲਜੀਤ ਕੌਰ ਦਾ ਰਿਵਰ ਸਾਈਡ ਫਿਊਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਦੁਪਹਿਰ 12.30 ਵਜੇ ਗੁਰੂਘਰ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*25 ਨਵੰਬਰ ਦਿਨ ਸ਼ਨਿਚਰਵਾਰ ਨੂੰ ਦੁਪਹਿਰ 12.30 ਵਜੇ ਸਵ. ਪ੍ਰੀਤਮ ਸਿੰਘ ਦਾ ਰਿਵਰ ਸਾਈਡ ਫਿਊਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਦੁਪਹਿਰ 2 ਵਜੇ ਗੁਰੂਘਰ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*25 ਨਵੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਮੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*26 ਨਵੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਵਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*26 ਨਵੰਬਰ ਦਿਨ ਐਤਵਾਰ ਦੁਪਹਿਰ 11 ਵਜੇ ਭਾਈ ਸੋਹਨ ਸਿੰਘ ਖੱਖ ਦਾ ਰਿਵਰ ਸਾਈਡ ਫਿਊਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਦੁਪਹਿਰ 12.30 ਵਜੇ ਗੁਰੂਘਰ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*26 ਨਵੰਬਰ ਦਿਨ ਐਤਵਾਰ ਦੁਪਹਿਰ 2 ਵਜੇ ਬੀਬੀ ਚਰਨ ਕੌਰ ਬਾਜਵਾ ਦਾ ਰਿਵਰ ਸਾਈਡ ਫਿਊਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਦੁਪਹਿਰ 3.30 ਵਜੇ ਗੁਰੂਘਰ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*26 ਨਵੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਦੇਵ ਸਿੰਘ ਗਿੱਲ ਪਰਿਵਾਰ ਵੱਲੋਂ ਅਤੇ ਭਾਈ ਹਰਪ੍ਰੀਤ ਸਿੰਘ ਗਿੱਲ ਪਰਿਵਾਰ ਵੱਲੋਂ ਆਪਣੇ ਬੇਟੇ ਨਿਰਵੈਰ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

*27 ਨਵੰਬਰ ਦਿਨ ਸੋਮਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਦੁਪਿੰਦਰ ਕੌਰ ਜਸਵਾਲ ਪਰਿਵਾਰ ਵੱਲੋਂ ਆਪਣੇ ਬੇਟੇ ਸਾਹਿਬ ਸਿੰਘ ਦੇ 13ਵੇਂ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਗੁਰਬਚਨ ਸਿੰਘ ਪੰਨਵਾ (ਪ੍ਰਿੰਸੀਪਲ) ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਸਕੂਲੀ ਬੱਚਿਆਂ ਨੂੰ ਰਮਾਇਣ ਤੇ ਮਹਾਂਭਾਰਤ ਪੜ੍ਹਾਈ ਜਾਵੇਗੀ

ਦਿੱਲੀ:ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਨਸੀਈਆਰਟੀ) ਦੀ ਇੱਕ ਉੱਚ ਪੱਧਰੀ ਕਮੇਟੀ ਨੇ ਸਕੂਲੀ ਪਾਠ ਪੁਸਤਕਾਂ ਵਿੱਚ ਰਾਮਾਇਣ ਅਤੇ ਮਹਾਭਾਰਤ ਵਰਗੇ ਮਹਾਂਕਾਵਿਆਂ ਨੂੰ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ ਹੈ। ਹਿੰਦੁਸਤਾਨ ਟਾਈਮਜ਼ ਮੁਤਾਬਕ, ਸਮਾਜਿਕ ਵਿਗਿਆਨ ਲਈ ਸਕੂਲੀ ਪਾਠਕ੍ਰਮ ਨੂੰ ਸੋਧਣ ਲਈ ਬਣਾਈ ਗਈ ਕਮੇਟੀ ਦੇ ਚੇਅਰਮੈਨ ਪ੍ਰੋਫੈਸਰ ਸੀ.ਆਈ.ਆਈਜ਼ਕ ਅਤੇ ਪਦਮਸ਼੍ਰੀ ਪੁਰਸਕਾਰ ਜੇਤੂ ਇਤਿਹਾਸਕਾਰ ਪ੍ਰੋਫੈਸਰ ਸੀ.ਆਈ.ਆਈਜ਼ਕ ਨੇ ਜ਼ੋਰ ਦੇ ਕੇ ਕਿਹਾ ਕਿ 7ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਰਾਮਾਇਣ ਅਤੇ ਮਹਾਭਾਰਤ ਪੜ੍ਹਾਉਣਾ ਮਹੱਤਵਪੂਰਨ ਹੈ, ਉਨ੍ਹਾਂ ਕਿਹਾ, ' ਅਸੀਂ ਸੋਚਦੇ ਹਾਂ ਕਿ ਕਿਸ਼ੋਰ ਅਵਸਥਾ ਦੌਰਾਨ ਵਿਦਿਆਰਥੀਆਂ ਵਿੱਚ ਸਵੈ-ਮਾਣ, ਦੇਸ਼ ਭਗਤੀ ਅਤੇ ਆਪਣੀ ਕੌਮ ਲਈ ਮਾਣ ਪੈਦਾ ਹੁੰਦਾ ਹੈ। ਹਰ ਸਾਲ ਹਜ਼ਾਰਾਂ ਵਿਦਿਆਰਥੀ ਦੇਸ਼ ਛੱਡ ਕੇ ਦੂਜੇ ਦੇਸ਼ਾਂ ਦੀ ਨਾਗਰਿਕਤਾ ਦੀ ਮੰਗ ਕਰਦੇ ਹਨ ਕਿਉਂਕਿ ਉਨ੍ਹਾਂ ਵਿੱਚ ਦੇਸ਼ ਭਗਤੀ ਦੀ ਘਾਟ ਹੈ।

ਇਸ ਲਈ ਉਨ੍ਹਾਂ ਲਈ ਆਪਣੀਆਂ ਜੜ੍ਹਾਂ ਨੂੰ ਸਮਝਣਾ ਅਤੇ ਆਪਣੇ ਦੇਸ਼ ਅਤੇ ਆਪਣੇ ਸੱਭਿਆਚਾਰ ਲਈ ਪਿਆਰ ਪੈਦਾ ਕਰਨਾ ਜ਼ਰੂਰੀ ਹੈ।'' ਕਮੇਟੀ ਨੇ ਕਲਾਸਰੂਮ ਦੀਆਂ ਕੰਧਾਂ 'ਤੇ ਸੰਵਿਧਾਨ ਦੀ ਪ੍ਰਸਤਾਵਨਾ ਲਿਖਣ ਦੀ ਵੀ ਸਿਫਾਰਸ਼ ਕੀਤੀ ਹੈ। ਇਸ ਤੋਂ ਪਹਿਲਾਂ ਇਸੇ ਕਮੇਟੀ ਨੇ ਸਮਾਜਿਕ ਵਿਗਿਆਨ ਦੀਆਂ ਪਾਠ ਪੁਸਤਕਾਂ ਵਿੱਚ 'ਭਾਰਤ' ਦੀ ਥਾਂ 'ਭਾਰਤ' ਲਿਖਣ ਦੀ ਸਿਫ਼ਾਰਸ਼ ਕੀਤੀ ਸੀ।

## ਭਗਤਾ ਭਾਈਕਾ 'ਚ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲੇ 'ਚ ਕਾਰਵਾਈ ਦੇ ਡਰੋਂ ਕਿਸਾਨ ਨੇ ਖ਼ੁਦਕੁਸ਼ੀ ਕੀਤੀ



ਭਗਤਾ ਭਾਈ-ਸ਼ਾਸਨ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਕਾਰਨ ਮਾਰੇ ਛਾਪੇ ਤੇ ਕਾਰਵਾਈ ਦੇ ਡਰੋਂ ਪ੍ਰੇਸ਼ਾਨ ਪਿੰਡ ਕੋਠਾ ਗੁਰੂ ਦੇ 35 ਸਾਲਾਂ ਕਿਸਾਨ ਗੁਰਦੀਪ ਸਿੰਘ ਨੇ ਬੀਤੀ ਰਾਤ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਬਲਾਕ ਭਗਤਾ ਭਾਈ ਦੇ ਪ੍ਰਧਾਨ ਜਸਪਾਲ ਸਿੰਘ ਪਾਲਾ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲੇ 'ਚ ਕੋਠਾ ਗੁਰੂ ਵਿਚ ਛਾਪੇਮਾਰੀ ਦੌਰਾਨ ਕਿਸਾਨ ਨੂੰ ਆਪਣੇ ਖੇਤ 'ਚ ਅੱਗ ਲਗਾਉਣ ਤੋਂ ਵਰਜਿਆ ਸੀ, ਜਿਸ ਕਰਕੇ ਕਿਸੇ ਕਾਰਵਾਈ ਦੇ ਡਰੋਂ ਪ੍ਰੇਸ਼ਾਨ ਕਿਸਾਨ ਗੁਰਦੀਪ ਸਿੰਘ ਨੇ ਘਰ ਵਿਚ ਫਾਹਾ ਲੈ ਲਿਆ। ਮ੍ਰਿਤਕ ਕਿਸਾਨ ਆਪਣੇ ਪਿੱਛੇ ਛੋਟੀ ਬੱਚੀ, ਪਤਨੀ ਅਤੇ ਮਾਤਾ ਛੱਡ ਗਿਆ ਹੈ। ਕਿਸਾਨ ਕੋਲ ਸਿਰਫ 6 ਕਨਾਲਾਂ ਜ਼ਮੀਨ ਹੈ। ਉਨ੍ਹਾਂ ਮੰਗ ਕੀਤੀ ਕਿ ਪੀੜਤ ਕਿਸਾਨ ਨੂੰ ਮੁਆਵਜ਼ਾ ਦਿੱਤਾ ਜਾਵੇ।

T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

Full Cleaning Service
ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।
ਹੋਰ ਜਾਣਕਾਰੀ ਲਈ ਫੋਨ ਕਰੋ
604-518-4698

ATLAS
ANIMAL HOSPITAL
Open 24 Hours 7 Days a Week





• Animal Dermatology
• Pet Cardiology
• Pet Deworming
• Pet Ear Infection
• Pet Endocrine Diseases
• Pet Eye Infections
• Flea & Tick Control
• Pet Oral Infections
• Pet Allergies
• Pet Anal Gland Expression
• Vaccination
• Dental Cleaning
• Pet Grooming
• Nail Trimming
• Ear Cleaning
• Pet Boarding
• Puppy Training
• Veterinary Diets
• Behavioral Consultation
• Pet Identification
• End of Life
Dr. H. Bhullar
& Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

# ਸਿਹਤ ਸੰਬੰਧੀ





# ਹਾਜ਼ਮੇ ਸੰਬੰਧੀ ਰੋਗ ਅਤੇ ਹੋਮਿਓਪੈਥੀ

ਜਿਗਰ ਜਾਂ ਲਿਵਰ ਸਾਡੇ ਸਰੀਰ ਵਿੱਚ ਸਭ ਤੋਂ ਵੱਡੀ ਗ੍ਰੰਥੀ ਹੈ ਅਤੇ ਜਿਗਰ ਇੱਕ ਪ੍ਰਮੁੱਖ ਰਸਾਇਣ ਫ਼ੈਕਟਰੀ ਵਾਂਗ ਕੰਮ ਕਰਦਾ ਹੈ। ਇਹ ਪੇਟ ਦੇ ਉੱਪਰਲੇ ਪਾਸੇ ਸੱਜੇ ਭਾਗ ਵਿੱਚ ਡਾਇਆਫ਼ਰਾਮ ਦੇ ਹੇਠਾ ਹੁੰਦਾ ਹੈ ਅਤੇ ਇਸ ਦਾ ਪ੍ਰਮੁੱਖ ਹਿੱਸਾ ਪਸਲੀਆਂ ਨਾਲ ਢਕਿਆ ਰਹਿੰਦਾ ਹੈ। ਜਿਗਰ ਵੇਖਣ ਵਿੱਚ ਨਰਮ ਅਤੇ ਭੂਰੇ ਲਾਲ ਰੰਗ ਦੀ ਗ੍ਰੰਥੀ ਹੈ। ਇਸ ਦੀ ਅਹਿਮੀਅਤ ਇਹ ਹੈ ਕਿ ਸਾਡੇ ਸਰੀਰ ਵਹਿੰਦੇ ਖ਼ੂਨ ਦਾ ਤਕਰੀਬਨ ਚੌਥਾ ਹਿੱਸਾ ਹਮੇਸ਼ਾ ਜਿਗਰ ਵਿੱਚ ਜਮ੍ਹਾਂ ਰਹਿੰਦਾ ਹੈ। ਪਾਚਨ ਕਿਰਿਆ ਵਿੱਚ ਜਿਗਰ ਦਾ ਮਹੱਤਵਪੂਰਣ ਯੋਗਦਾਨ ਹੈ। ਮੂੰਹ, ਗਰਾਸ-ਨ਼ਲੀ, ਮਹਿਦੇ ਅਤੇ ਛੋਟੀ ਅੰਤੜੀਆਂ ਰਾਹੀਂ ਭੋਜਨ ਹਜ਼ਮ ਕਰਨ ਦਾ ਕੰਮ ਜਿਗਰ ਦੇ ਯੋਗਦਾਨ ਬਿਨਾਂ ਸੰਪੂਰਨ ਨਹੀਂ ਹੁੰਦਾ। ਖਾਧੇ ਹੋਏ ਭੋਜਨ ਵਿੱਚੋਂ ਮਿਲੀ ਤਾਕਤ ਦਾ ਪ੍ਰਤੀਬਿੰਬ ਜਿਗਰ ਦੀ ਪ੍ਰਕ੍ਰਿਆ ਨਾਲ ਹੀ ਮਿਲਦਾ ਹੈ। ਪਾਚਨ ਕ੍ਰਿਆ ਵਿੱਚ ਯੋਗਦਾਨ ਦੇਣ ਤੋਂ ਇਲਾਵਾ ਜਿਗਰ ਖ਼ੂਨ ਪ੍ਰਵਾਹ ਵਿੱਚ ਪ੍ਰਗਟ ਹੋਣ ਵਾਲੇ ਹਾਨੀਕਾਰਕ ਤੱਤਾਂ ਨੂੰ ਵੀ ਨਸ਼ਟ ਕਰਦਾ ਹੈ। ਇਸ ਤੋਂ ਇਲਾਵਾ ਇਹ ਖ਼ੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਵਿਕਾਸ ਵਿੱਚ ਵੀ ਸਹਾਇਤਾ ਕਰਦਾ ਹੈ। ਜਿਗਰ ਦੀ ਕਮਜ਼ੋਰੀ ਕਾਰਣ ਮਾਨਸਿਕ ਅਸੰਤੁਲਨ, ਯਾਦ-ਸ਼ਕਤੀ ਘਟਣੀ, ਦਾੜ੍ਹੀ-ਮੁੱਛਾਂ ਦੇ ਵਾ਼ਲ ਝੜਨੇ, ਜਿਗਰ ਦਾ ਕੈਂਸਰ ਅਤੇ ਪੇਟ ਫੁੱਲਣਾ ਆਦਿ ਜਿਹੇ ਰੋਗ ਹੋ ਜਾਂਦੇ ਹਨ। ਜਿਗਰ ਵਿੱਚ ਆਏ ਵਿਗਾੜਾਂ ਕਾਰਣ ਪੈਰਾਂ ਵਿੱਚ ਸੋਜਸ਼, ਸਰੀਰ ਵਿੱਚ ਖ਼ੂਨ ਦੀ ਕਮੀ, ਥੋੜ੍ਹੀ ਮਿਹਨਤ ਕਰਨ ਨਾਲ ਸਾਹ ਫੁੱਲਣਾ, ਹਿਚਕੀ, ਮੂੰਹ ਵਿੱਚ ਪਾਣੀ ਭਰ ਆਉਣਾ ਆਦਿ ਹੋ ਸਕਦੇ ਹਨ।


ਪੇਟ ਵਿੱਚ ਜਲਣ, ਖੱਟੇ ਡਕਾਰ, ਪੇਟ ਗੁਬਾਰੇ ਵਾਂਗ ਤਣ ਜਾਣਾ, ਪੇਟ ਵਿੱਚ ਹਵਾ ਜਾਂ ਹਵਾ ਦਾ ਗੋ਼ਲਾ ਘੁੰਮੀ ਜਾਣਾ, ਗੁੜ-ਗੁੜ ਦੀ ਆਵਾਜ਼ ਆਉਣੀ, ਪਿੜ-ਪਿੜ ਦੀ ਆਵਾਜ਼ ਨਾਲ ਹਵਾ ਦਾ ਸਰਨਾ, ਸਿੱਧੇ ਪੈਣ 'ਤੇ ਖਾਧਾ-ਪੀਤਾ ਉੱਪਰ ਨੂੰ ਆਉਣਾ, ਜੀਅ ਕੱਚਾ ਹੋਣਾ (ਅਵੱਤ), ਪੇਟ ਵਿੱਚ ਜ਼ਹਿਰਬਾਦ ਬਣ ਜਾਣਾ ਆਦਿ, ਪਾਚਨ ਕ੍ਰਿਆ ਦੀ ਗੜਬੜੀ ਦਾ ਸੰਕੇਤ ਹੈ। ਇਸ ਤਰ੍ਹਾਂ ਦੇ ਕਸ਼ਟਦਾਈ ਲੱਛਣਾਂ ਨਾਲ ਪੀੜਤ ਵਿਅਕਤੀ ਬੇਚੈਨ ਅਤੇ ਬੇਹਾਲ ਹੋ ਉੱਠਦਾ ਹੈ, ਉਸ ਦਾ ਠੰਢੀਆਂ ਚੀਜ਼ਾਂ ਖਾਣ-ਪੀਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਵਿੱਚ ਠੰਢਾ-ਠਾਰ ਪਾਣੀ, ਠੰਢਾ ਦੁੱਧ, ਆਈਸ-ਕ੍ਰੀਮ ਅਤੇ ਬਰਫ਼ ਚਬਣ ਦਾ ਮਨ ਕਰਨਾ ਸ਼ਾਮਲ ਹੈ।

ਕਸਰਤ ਦੀ ਘਾਟ, ਤ਼ਲੇ ਹੋਏ ਅਤੇ ਮਿਰਚ-ਮਸਾਲਿਆਂ ਵਾਲੇ ਭੋਜਨ ਦਾ ਸੇਵਨ, ਸ਼ਰਾਬ, ਡਰੱਗਜ਼ ਅਤੇ ਦਵਾਈਆਂ ਦੀ ਲੋੜ ਨਾਲੋਂ ਵੱਧ ਵਰਤੋਂ, ਮਨ ਦੇ ਡਰ ਅਤੇ ਚਿੰਤਾਵਾਂ, ਕਾਰੋਬਾਰ ਵਿੱਚ ਘਾਟਾ ਜਾਂ ਆਪਸੀ ਰਿਸ਼ਤਿਆਂ ਦੀ ਤਰੇੜ ਕਾਰਣ ਉਪਜੇ ਮਾਨਸਿਕ ਤਣਾਅ ਕਾਰਣ ਪੇਟ ਦੀ ਗੜਬੜੀ ਦੇ ਲੱਛਣਾਂ ਉਤਪੰਨ ਹੋ ਸਕਦੇ ਹਨ। ਜਿਗਰ ਅਤੇ ਪਾਚਨ ਪ੍ਰਣਾਲੀ ਨਾਲ ਸੰਬੰਧਤ ਹੋਰਨਾ ਰੋਗਾਂ ਤੋਂ ਬਚਣ ਲਈਇਹ ਜ਼ਰੂਰੀ ਹੈ ਕਿ ਭੋਜਨ ਦੀਆਂ ਉਨ੍ਹਾਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ ਜੋ ਇਸ ਦਾ ਕਾਰਣ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਬਣਦੀਆਂ ਹਨ। ਕਈ ਵਾਰੀ ਅਸੀਂ ਬਿਨਾਂ ਭੁੱਖ ਤੋਂ ਵੀ ਖਾਂਦੇ ਹਾਂ, ਬਾਰ-ਬਾਰ ਖਾਈ ਜਾਂਦੇ ਹਾਂ, ਅਨਿਸ਼ਚਿਤ ਸਮੇਂ 'ਤੇ ਖਾਂਦੇ ਹਾਂ, ਬਿਮਾਰੀ ਦੀ ਹਾਲਤ ਵਿੱਚ ਡਾਕਟਰੀ ਸਲਾਹ ਤੋਂ ਬ਼ਗੈਰ ਖਾਂਦੇ ਹਾਂ, ਲੋੜ ਤੋਂ ਵੱਧ ਜਾਂ ਖਾਣ ਸਮੇਂ ਭੋਜਨ ਨੂੰ ਚੰਗੀ ਤਰ੍ਹਾਂ ਨਹੀਂ ਚਬਾਉਂਦੇ, ਜਿਸ ਕਾਰਣ ਹਾਜ਼ਮਾ ਪ੍ਰਭਾਵਿਤ ਹੁੰਦਾ ਹੈ।

ਹੋਮਿਓਪੈਥੀ ਵਿੱਚ ਕਾਰਗਰ ਦਵਾਈਆਂ ਰਾਹੀਂ ਉਪਰੋਕਤ ਅਲਾਮਤਾਂ ਦਾ ਢੁਕਵਾਂ ਇਲਾਜ ਸੰਭਵ ਹੈ। ਹਰ ਰੋਗ ਦੇ ਪਿਛੋਕੜ ਨੂੰ ਅਤੇ ਪੀੜਤ ਵਿਅਕਤੀ ਦੀ ਜੀਵਨਸ਼ੈਲੀ ਨੂੰ ਸਮਝਦਿਆਂ ਹੋਇਆਂ ਢੁਕਵੀਂ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਇਹ ਲਾਜ਼ਮੀ ਹੈ ਕਿ ਪੇਸ਼ਾਵਰ ਹੋਮਿਓਪੈਥਿਕ ਪ੍ਰੈਕਟਿਸ਼ਨਰ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾਵੇ। ਕਿਸੇ ਮਾਹਰ ਸਲਾਹ ਤੋਂ ਬ਼ਗੈਰ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੁਝ ਸਿਰਕੱਢ ਦਵਾਈਆਂ ਹਨ "ਨਕਸਵਾਮੀਕਾ", "ਲਾਈਕੋਪੋਡੀਅਮ", "ਸਲਫ਼ਰ", "ਕਾਰਬੋ-ਵੈੱਜ", "ਸਿਨਕੋਨਾ", "ਮੈਗਮਿਊਰ", "ਹਾਈਡ੍ਰਾਸਟੀਜ਼" ਆਦਿ। ਲੱਛਣਾਂ, ਅਲਾਮਤਾਂ ਅਤੇ ਪੀੜਤ ਵਿਅਕਤੀ ਦੇ ਸੁਭਾਅ ਦਾ ਤਾਲਮੇਲ ਕਰਦਿਆਂ ਢੁਕਵੀਂ ਸਿੰਗਲ ਦਵਾਈ ਦੀ ਚੋਣ ਇਸ ਰੋਗ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਹਰ ਇੱਕ ਕੇਸ ਨੂੰ ਵਖਰੇਵੇਂ ਨਾਲ ਦੇਖਦਿਆਂ ਹੋਇਆਂ, ਅਤੇ ਕੇਸ ਦੀ ਸਹੀ ਪੜਚੋਲ ਕਰਨ ਉਪਰੰਤ ਮਰੀਜ਼ ਲਈ ਢੁਕਵੀਂ ਦਵਾਈ ਦੀ ਚੋਣ ਕਰਦੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

## ਹਸਗੁੱਲੇ

ਅਪ੍ਰੇਸ਼ਨ ਟੇਬਲ 'ਤੇ ਲੇਟਿਆ ਮਰੀਜ਼ ਬੋਲਿਆ, ਡਾਕਟਰ ਸਾਹਿਬ, ਹਸਪਤਾਲ ਵਿੱਚ ਕਦੋਂ ਤੱਕ ਰਹਿਣਾ ਪਵੇਗਾ ?

ਡਾਕਟਰ:- ਅਪ੍ਰੇਸ਼ਨ ਠੀਕ ਹੋਇਆ ਤਾਂ ਇਕ ਹਫਤਾ, ਨਹੀਂ ਤਾਂ ਅੱਧਾ ਘੰਟਾ।

----------------

ਟੀਚਰ:- ਪੱਪੂ, ਸੱਪ ਦੀ ਪੂਛ 'ਤੇ ਪੈਰਰੱਖਣਾ, ਇਸ ਮੁਹਾਵਰੇ ਦਾ ਅਰਥ ਦੱਸ।

ਪੱਪੂ:- ਘਰਵਾਲੀ ਨੂੰ ਪੇਕੇ ਜਾਣ ਤੋਂ ਰੋਕਣਾ।

----------------

ਪਤਨੀ:- ਰਾਤ ਨੂੰ ਤੁਸੀਂ ਸੁਪਨੇ ਵਿੱਚ ਮੈਨੂੰ ਗਾਲ੍ਹਾਂ ਕੱਢ ਰਹੇ ਸੀ ਅਤੇ ਮੇਰੇ ਮਾਤਾ- ਪਿਤਾ ਨੂੰ ਵੀ ਕੋਸ ਰਹੇ ਸੀ, ਕਿਉਂ ? ਪਤੀ:- ਝੂਠ ਬੋਲਦੀ ਏਂ ਤੂੰ। ਮੈਂ ਉਸ ਵੇਲੇ ਸੁੱਤਾ ਹੀ ਨਹੀਂ ਸੀ।

ਅਧਿਆਪਕ:- ਨੇਤਾ ਜੀ, ਤੁਹਾਡਾ ਬੇਟਾ ਫ਼ਲ੍ਹ ਹੋ ਗਿਆ ਹੈ ਅਤੇ ਤੁਸੀਂ ਲੱਡੂ ਖੁਆ ਰਹੇ ਹੋ ?

ਨੇਤਾ ਜੀ:- 70 ਮੁੰਡਿਆਂ ਦੀ ਜਮਾਤ ਵਿੱਚ 60 ਫੇਲ੍ਹ ਹਨ, ਬਹੁਮਤ ਤਾਂ ਮੇਰੇ ਬੇਟੇ ਨਾਲ ਹੈ।

----------------

ਬੇਟਾ:- ਪਾਪਾ ਦੱਸ ਰੁਪਏ ਦਿਉ ਨਾ।

ਪਿਤਾ:- ਨਹੀਂ ਦਿਆਂਗਾ।

ਬੇਟਾ:- ਪਾਪਾ ਦੇ ਦਿਉ ਨਾ, ਦੁੱਧ ਵਾਲੇ ਤੇ ਮਾਂ ਦੀ ਇਕ ਗੱਲ ਦੱਸਾਂਗਾ।

ਪਿਤਾ:?- ਇਹ ਲੈਂ 20 ਰੁਪਏ, ਜਲਦੀ ਦੱਸ।

ਬੇਟਾ:- ਦੁੱਧ ਵਾਲਾ ਮਾਂ ਨੂੰ ਕਹਿ ਰਿਹਾ ਸੀ ਕਿ ਅਜੇ ਤੱਕ ਪਿਛਲੇ ਮਹੀਨੇ ਦੇ ਪੈਸੇ ਨਹੀਂ ਦਿੱਤੇ, ਜਲਦੀ ਦੇ ਦਿਉ ਨਹੀਂ ਤਾਂ ਕੱਲ੍ਹ ਤੋਂ ਦੁੱਧ ਨਹੀਂ ਮਿਲੇਗਾ।

----------------

ਪੱਪੂ:- ਸਰ, ਮੇਰੀ ਤਨਖਾਹ ਵਧਾ ਦਿਉ, ਮੇਰਾ ਵਿਆਹ ਹੋ ਗਿਆ ਹੈ।

ਮਾਲਕ:- ਫੈਕਟਰੀ ਤੋਂ ਬਾਹਰ ਹੋਣ ਵਾਲੇ ਹਾਦਸਿਆਂ ਦੀ ਜ਼ਿੰਮੇਵਾਰੀ ਫੈਕਟਰੀ ਦੀ ਨਹੀਂ ਹੁੰਦੀ।

----------------

ਡਾਕਟਰ:- ਜੇ ਤੂੰ ਮੇਰੀ ਦਵਾਈ ਨਾਲ ਠੀਕ ਹੋ ਗਿਆ ਤਾਂ ਮੈਨੂੰ ਇਨਾਮ ਵਿੱਚ ਕੀ ਦੇਵੇਗਾ ?

ਮਰੀਜ਼:- ਸਾਹਿਬ, ਗਰੀਬ ਆਦਮੀ ਹਾਂ। ਕਬਰਾਂ ਪੁੱਟਦਾ ਹਾਂ, ਤੁਹਾਡੇ ਲਈ ਮੁਫਤ ਵਿੱਚ ਪੁੱਟ ਦੇਵਾਂਗਾ।

----------------

ਰਾਜੂ ਨੂੰ ਚੰਦਰਮਾ 'ਤੇ ਭੇਜਣ ਦਾ ਫੈਸਲਾ ਹੋਇਆ। ਅੱਧ ਰਸਤੇ ਵਿੱਚ ਜਾ ਕੇ ਉਸ ਨੇ ਰਾਕੇਟ ਵਿੱਚੋਂ ਛਾਲ ਮਾਰ ਦਿੱਤੀ ਅਤੇ ਜ਼ੋਰ ਨਾਲ ਬੋਲਿਆ, ਕੰਬਖਤੋ, ਅੱਜ ਤਾਂ ਮੱਸਿਆ ਹੈ, ਚੰਦਰਮਾ ਤਾਂ ਹੋਵੇਗਾ ਹੀ ਨਹੀਂ।

----------------

ਦਿੱਲੀ ਦੀਆਂ ਕੁੜੀਆਂ ਨੂੰ ਹਰ ਆਦਮੀ ਨੂੰ ਭਈਆ ਕਹਿਣ ਦੀ ਇੰਨੀ ਮਾੜੀ ਆਦਤ ਹੈ ਕਿ ਟੇਲਰ ਭਈਆ, ਸਬਜ਼ੀ ਵਾਲਾ ਭਈਆ, ਫਲਾਂ ਵਾਲਾ ਭਈਆ, ਸਫਾਈ ਵਾਲਾ ਭਈਆ, ਆਟੋ ਵਾਲਾ ਭਈਆ ਆਦਿ ਆਦਿ। ਗੁਆਂਢ ਦੀ ਇਕ ਕੁੜੀ ਦੀ ਮੰਗਣੀ ਹੋ ਗਈ। ਉਸ ਦੀ ਸਹੇਲੀ ਨੇ ਪੁੱਛਿਆ, ਵਿਆਹ ਕਿਸ ਦੇ ਨਾਲ ਹੋ ਰਿਹਾ ਹੈ ?

ਲੜਕੀ ਝਟਪਟ ਬੋਲੀ, ਮੇਰੇ ਨਾਲ ਰੋਜ਼ ਮੈਟਰੋ ਵਿੱਚ ਆਉਂਦਾ-ਜਾਂਦਾ ਸੀ, ਉਸੇ ਭਈਆ ਨਾਲ।

----------------

ਮੋਨੂੰ, ਜੇ ਤੁਹਾਡੀ ਪ੍ਰੇਮਿਕਾ ਸੋਹਣੀ,ਸਿਆਣੀ, ਧਿਆਨ ਰੱਖਣ ਵਾਲੀ, ਕਦੇ ਨਾ ਜਲਨ ਕਰਨ ਵਾਲੀ ਅਤੇ ਚੰਗੇ ਪਕਵਾਨ ਬਣਾਉਣ ਵਾਲੀ ਹੋਵੇ ਤਾਂ ਤੁਸੀਂ ਉਸ ਨੂੰ ਕੀ ਨਾਂਅ ਦੇਵੋਂਗੇ ?

ਸੋਨੂੰ:- ਅਫਵਾਹ।

----------------

ਇੱਕ ਡਾਕਟਰ ਆਪਣੇ ਘਰ ਵਿੱਚ ਆਰਾਮ ਨਾਲ ਸੌਂ ਰਿਹਾ ਸੀ ਤਾਂ ਉਸ ਨੂੰ ਇੱਕ ਫ਼ੋਨ ਆਇਆ।

ਆਦਮੀ,''ਡਾਕਟਰ ਸਾਬ੍ਹ, ਤੁਸੀਂ ਜਿਹੜੀ ਮੈਨੂੰ ਦਵਾਈ ਦਿੱਤੀ ਸੀ, ਉਸ ਨਾਲ ਮੇਰੀਆਂ ਉਲਟੀਆਂ ਤਾਂ ਬੰਦ ਹੋ ਗਈਆਂ ਹਨ, ਪਰ ਸਾਹ ਬਹੁਤ ਤੇਜ਼ੀ ਨਾਲ ਚੱਲ ਰਹੇ ਹਨ।''

ਡਾਕਟਰ (ਗੁੱਸੇ ਵਿੱਚ),''ਫਿਕਰ ਨਾ ਕਰੋ, ਸਵੇਰ ਤੱਕ ਉਹ ਵੀ ਬੰਦ ਹੋ ਜਾਣਗੇ।''888

ਇੱਕ ਬੱਚਾ ਰੋ ਰਿਹਾ ਸੀ। ਪਿਤਾ ਨੇ ਕਾਰਨ ਪੁੱਛਿਆ, ਬੱਚਾ ਬੋਲਿਆ,''10 ਰੁਪਏ ਦਿਓ, ਫਿਰ ਦੱਸਾਂਗਾ।''

ਪਿਤਾ ਨੇ ਬੱਚੇ ਨੂੰ 10 ਰੁਪਏ ਦੇ ਦਿੱਤੇ ਤੇ ਕਿਹਾ,'' ਦੱਸ ਬੇਟਾ, ਤੂੰ ਕਿਉਂ ਰੋ ਰਿਹਾ ਸੀ?''

ਬੱਚਾ,''ਮੈਂ ਤਾਂ 10 ਰੁਪਏ ਲਈ ਹੀ ਰੋ ਰਿਹਾ ਸੀ।''

******

ਪਤਨੀ (ਪਤੀ ਨੂੰ), ''ਕੀ ਤੁਸੀਂ ਜਾਣਦੇ ਹੋ ਕਿ ਸੰਗੀਤ ਵਿੱਚ ਇੰਨੀ ਸ਼ਕਤੀ ਹੈ ਕਿ ਪਾਣੀ ਗਰਮ ਹੋ ਸਕਦਾ ਹੈ?"

ਪਤੀ (ਗੁੱਸੇ ਵਿੱਚ), ''ਹਾਂ ਕਿਉਂ ਨਹੀਂ, ਜਦੋਂ ਤੇਰਾ ਗਾਣਾ ਸੁਣ ਕੇ ਮੇਰਾ ਖ਼ੂਨ ਉਬਾਲੇ ਮਾਰ ਸਕਦਾ ਹੈ ਤਾਂ ਪਾਣੀ ਕਿਉਂ ਨਹੀਂ?"

******

ਸੰਜੂ (ਰਿਕਸ਼ੇ ਵਾਲੇ ਨੂੰ), ''ਸਟੇਸ਼ਨ ਜਾਣ ਦਾ ਕੀ ਲਵੇਂਗਾ?"

ਰਿਕਸ਼ੇ ਵਾਲਾ, ''ਜੀ, ਪੰਜਾਹ ਰੁਪਏ।"

ਸੰਜੂ, ''ਯਾਰ! 20 ਰੁਪਏ ਲੈ ਲਵੀਂ।"

ਰਿਕਸ਼ੇ ਵਾਲਾ, ''ਜਨਾਬ, 20 ਰੁਪਏ ਵਿੱਚ ਕੌਣ ਜਾਵੇਗਾ?"

ਸੰਜੂ, ''ਤੂੰ ਪਿੱਛੇ ਬੈਠ, ਮੈਂ ਲੈ ਕੇ ਚੱਲਦਾਂ ਹਾਂ।"

******

ਪੱਪੂ (ਡਾਕਟਰ ਨੂੰ), ''ਜਦੋਂ ਮੈਂ ਸੌਂਦਾ ਹਾਂ ਤਾਂ ਸੁਫਨੇ ਵਿੱਚ ਬਾਂਦਰ ਫੁੱਟਬਾਲ ਖੇਡਦੇ ਦਿੱਸਦੇ ਹਨ।"

ਡਾਕਟਰ, ''ਕੋਈ ਗੱਲ ਨਹੀਂ, ਇਹ ਗੋਲੀ ਰਾਤ ਨੂੰ ਸੌਣ ਤੋਂ ਪਹਿਲਾਂ ਖਾ ਲੈਣਾ।"

ਪੱਪੂ, ''ਕੱਲ੍ਹ ਤੋਂ ਖਾਵਾਂਗਾ, ਕਿਉਂਕਿ ਅੱਜ ਫਾਈਨਲ ਹੈ।"

******

ਚਿੰਟੂ (ਪੱਪੂ ਨੂੰ),''ਭਰਾ, ਤੂੰ ਸਕੂਲ ਕਿਉਂ ਨਹੀਂ ਜਾਂਦਾ?''

ਪੱਪੂ,''ਯਾਰ! ਜਾਂਦਾ ਹਾਂ, ਪਰ ਲੋਕ ਮੈਨੂੰ ਕੁੱਟ ਕੇ ਬਾਹਰ ਕੱਢ ਦਿੰਦੇ ਹਨ।''

ਚਿੰਟੂ,''ਕਿਉਂ ਕੀ ਗੱਲ, ਤੂੰ ਕਿਹੜੇ ਸਕੂਲੇ ਜਾਂਦੇ?''

ਪੱਪੂ,''ਲੜਕੀਆਂ ਦੇ ਸਕੂਲ ਵਿੱਚ।''

******

ਗੋਲੂ (ਡਾਕਟਰ ਨੂੰ),''ਕੱਲ੍ਹ ਤੋਂ ਮੇਰੇ ਪੇਟ ਵਿੱਚ ਬਹੁਤ ਦਰਦ ਹੈ।''

ਡਾਕਟਰ,''ਖਾਣਾ ਕਿੱਥੋਂ ਖਾਂਦੇ ਹੋ?''

ਗੋਲੂ, ''ਜੀ, ਰੋਜ਼ ਹੋਟਲ ਤੋਂ ਹੀ ਖਾਣਾ ਖਾਂਦਾ ਹਾਂ।''

ਡਾਕਟਰ, ''ਰੋਜ਼ ਹੋਟਲ ਵਿੱਚ ਖਾਣਾ ਨਾ ਖਾਇਆ ਕਰੋ।''

ਗੋਲੂ, ''ਠੀਕ ਹੈ ਸਰ, ਮੈਂ ਪੈਕ ਕਰਾ ਕੇ ਘਰ ਲੈ ਆਇਆ ਕਰਾਂਗਾ।''

******

ਨੇਤਾ ਪਤੀ ਦਾ ਆਪਣੀ ਪਤਨੀ ਨਾਲ ਜ਼ੋਰਦਾਰ ਝਗੜਾ ਹੋਇਆ ਅਤੇ ਉਹ ਗੁੱਸੇ ਵਿੱਚ ਉਸ ਨੂੰ ਕਹਿਣ

ਲੱਗਾ, ''ਮੈਂ ਪਤੀ ਦੇ ਅਹੁਦੇ ਤੋਂ ਅਸਤੀਫਾ ਦਿੰਦਾ ਹਾਂ।"

ਪਤਨੀ, ''ਕਿਰਪਾ ਕਰਕੇ ਬਦਲਵਾਂ ਪ੍ਰਬੰਧ ਹੋਣ ਤੱਕ ਅਹੁਦੇ 'ਤੇ ਬਣੇ ਰਹੋ।"

******

ਮਾਂ (ਪੁੱਤਰ ਨੂੰ), ''ਉਠ ਜਾ ਕੰਬਖਤ, ਦੇਖ ਸੂਰਜ ਕਦੋਂ ਦਾ ਨਿਕਲ ਆਇਆ।"

ਪੁੱਤਰ, ''ਮੰਮੀ ਛੱਡੋ ਨਾ, ਸੂਰਜ ਸੌਂਦਾ ਵੀ ਤਾਂ ਮੇਰੇ ਤੋਂ ਕਾਫੀ ਪਹਿਲਾਂ ਹੈ।"

******

ਮਹਿੰਦਰ (ਕੁੜੀ ਨੂੰ), ''ਮੈਨੂੰ ਤੂੰ ਬਹੁਤ ਪਸੰਦ ਏਂ।"

ਕੁੜੀ, ''ਮੇਰੀ ਚੱਪਲ ਦਾ ਸਾਈਜ਼ ਪਤਾ ਹੈ ਨਾ?"

ਮਹਿੰਦਰ, ''ਲਓ ਕਰ ਲਓ ਗੱਲ, ਦੋਸਤੀ ਅਜੇ ਹੋਈ ਨਹੀਂ ਕਿ ਫਰਮਾਇਸ਼ਾਂ ਸ਼ੁਰੂ।"

******

ਚਿੰਟੂ, ''ਓ ਭਰਾ, ਤੇਰੀ ਪਤਨੀ ਦੇ ਗੋਡੇ ਦਾ ਦਰਦ ਦੂਰ ਹੋਇਆ ਜਾ ਨਹੀਂ?"

ਰਾਹੁਲ, ''ਹਾਂ ਯਾਰ, ਡਾਕਟਰ ਨੂੰ ਦਿਖਾਉਂਦਿਆਂ ਹੀ ਦੂਰ ਹੋ ਗਿਆ।"

ਚਿੰਟੂ (ਹੈਰਾਨੀ ਨਾਲ), ''ਅੱਛਾ ਕਿਹੜੀ ਦਵਾਈ ਨਾਲ?" ਰਾਹੁਲ, ''ਦਵਾਈ ਵਗੈਰਾ ਕੁਝ ਨਹੀਂ। ਬਸ ਡਾਕਟਰ ਨੇ ਦੱਸਿਆ ਕਿ ਇਹ ਬੁਢਾਪੇ ਦੀ ਨਿਸ਼ਾਨੀ ਹੈ,

ਉਸ ਦਿਨ ਤੋਂ ਬਾਅਦ ਉਸ ਨੇ ਦਰਦ ਦੀ ਸ਼ਿਕਾਇਤ ਨਹੀਂ ਕੀਤੀ।"

******










# ਰਿਚਮੰਡ ਮਲਟੀਕਲਚਰਲ ਕਮਿਊਨਿਟੀ ਸਰਵਿਸਿਜ਼ ਨੇ ਮੰਗਲਵਾਰ 14 ਨਵੰਬਰ ਨੂੰ ਦੀਵਾਲੀ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ

ਰਿਚਮਿੰਡ:-ਰਿਚਮੰਡ ਮਲਟੀਕਲਚਰਲ ਕਮਿਊਨਿਟੀ ਸਰਵਿਸਿਜ਼ ਨੇ ਮੰਗਲਵਾਰ 14 ਨਵੰਬਰ ਨੂੰ ਦੀਵਾਲੀ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ। ਇਹ ਕਮਿਊਨਿਟੀ ਸੰਸਥਾ 1985 ਤੋਂ ਰਿਚਮੰਡ ਦੇ ਨਿਵਾਸੀਆਂ ਅਤੇ ਨਵੇਂ ਆਏ ਲੋਕਾਂ ਦੀ ਸੇਵਾ ਕਰ ਰਹੀ ਹੈ।ਇਸਦੇ ਵਲੰਟੀਅਰ ਵੱਖ-ਵੱਖ ਗਤੀਵਿਧੀਆਂ ਅਤੇ ਪ੍ਰੋਗਰਾਮਾਂ ਵਿੱਚ ਮਦਦ ਕਰਨ ਦਾ ਆਨੰਦ ਲੈਂਦੇ ਹਨ। ਹਰ ਹੋਰ ਜਸ਼ਨ ਦੀ ਤਰ੍ਹਾਂ ਇਸ ਸਾਲ ਦੇ ਜਸ਼ਨ ਨੂੰ ਵੀ ਸਫਲ ਬਣਾਉਣ ਲਈ ਰਿਚਮੰਡ ਮਲਟੀਕਲਚਰਲ ਕਮਿਊਨਿਟੀ ਸਰਵਿਸਿਜ਼ ਸਟਾਫ ਅਤੇ ਪ੍ਰਬੰਧਕਾਂ ਨੇ ਬਹੁਤ ਮਿਹਨਤ ਕੀਤੀ। ਇਹ ਸੱਚਮੁੱਚ ਬਹੁ-ਸੱਭਿਆਚਾਰਕ ਦਰਸ਼ਕ ਸੀ। ਸਾਰਾ ਇਲਾਕਾ ਉਤਸ਼ਾਹ ਨਾਲ ਭਰਿਆ ਹੋਇਆ ਸੀ। ਦਰਸ਼ਕਾਂ ਵਿੱਚ ਹਰ ਉਮਰ ਦੇ ਬੱਚੇ ਅਤੇ ਬਾਲਗ ਸ਼ਾਮਲ ਸਨ।ਰਿਚਮੰਡ ਮਲਟੀਕਲਚਰਲ ਕਮਿਊਨਿਟੀ ਸਰਵਿਸਿਜ਼ ਲਈ ਸੈਟਲਮੈਂਟ ਪ੍ਰੋਗਰਾਮਾਂ ਦੇ ਕੋ-ਆਰਡੀਨੇਟਰ ਅਸ਼ੋਕ ਰਤਨ ਨੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਸੰਸਦ ਮੈਂਬਰ ਵਿਲਸਨ ਮੀਆਓ, ਪਰਮ ਬੈਂਸ, ਵਿਧਾਇਕ ਹੈਨਰੀ ਯਾਓ, ਕੈਲੀ ਗ੍ਰੀਨ, ਟੇਰੇਸਾ ਵਾਟ, ਸਕੂਲ ਟਰੱਸਟੀ ਰੋਡ ਬੇਲੇਜ਼ਾ, ਐਲਿਸ ਵੋਂਗ ਅਤੇ ਡੇਵਿਡ ਯਾਂਗ ਸਮੇਤ ਕਈ ਚੁਣੇ ਹੋਏ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਸਾਰਿਆਂ ਨੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਰਿਚਮੰਡ ਮਲਟੀਕਲਚਰਲ ਕਮਿਊਨਿਟੀ ਸਰਵਿਸਿਜ਼ ਨੂੰ ਪ੍ਰਸ਼ੰਸਾ ਦੇ ਸਰਟੀਫਿਕੇਟ ਦਿੱਤੇ।

ਵੱਖ-ਵੱਖ ਭਾਈਚਾਰਿਆਂ ਵਿੱਚ ਦੀਵਾਲੀ ਮਨਾਉਣ ਅਤੇ ਵਿਸ਼ਵ ਦੀ ਮੌਜੂਦਾ ਸਥਿਤੀ ਵਿੱਚ ਇਸ ਦੀ ਮਹੱਤਤਾ ਬਾਰੇ ਸੰਖੇਪ ਜਾਣਕਾਰੀ ਦੇਣਾ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਸੀ। ਰੋਸ਼ਨੀ ਦਾ ਇਹ ਤਿਉਹਾਰ ਕ੍ਰਿਸਮਸ ਦਾ ਦੱਖਣੀ ਏਸ਼ੀਆਈ ਸੰਸਕਰਣ ਹੈ। ਇਹ ਤਿਉਹਾਰ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ, ਬੁਰਾਈ ਉੱਤੇ ਚੰਗਿਆਈ ਅਤੇ ਅਗਿਆਨਤਾ ਉੱਤੇ ਗਿਆਨ ਦੀ ਜਿੱਤ ਨੂੰ ਦਰਸਾਉਂਦਾ ਹੈ। ਹਿੰਦੂਆਂ ਲਈ, ਇਹ 14 ਸਾਲ ਗ਼ੁਲਾਮੀ ਵਿੱਚ ਬਿਤਾਉਣ ਤੋਂ ਬਾਅਦ ਮੱਧ ਭਾਰਤ ਵਿੱਚ ਅਯੁਧਿਆ ਦੇ ਆਪਣੇ ਰਾਜ ਵਿੱਚ ਭਗਵਾਨ ਰਾਮ ਦੀ ਵਾਪਸੀ ਨੂੰ ਦਰਸਾਉਂਦਾ ਹੈ। ਸਿੱਖ ਇਸ ਤਿਉਹਾਰ ਨੂੰ ਬੰਦੀ ਛੋੜ ਦਿਵਸ ਜਾਂ ਕੈਦੀ ਮੁਕਤੀ ਦਿਵਸ ਵਜੋਂ ਮਨਾਉਂਦੇ ਹਨ। ਇਸ ਦਿਨ ਸਿੱਖ ਧਰਮ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਦੀ ਕੈਦ ਤੋਂ ਰਿਹਾਅ ਹੋ ਕੇ ਅੰਮ੍ਰਿਤਸਰ ਪਰਤੇ ਸਨ। ਜਦੋਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਨੂੰ ਝੂਠ ਬੋਲ ਕੇ ਕੈਦ ਕਰਨ ਦੀ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਸਤਿਕਾਰ ਸਹਿਤ 52 ਸਰਦਾਰਾਂ ਸਮੇਤ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ। ਇਸ ਕਰਕੇ, ਇਸ ਨੂੰ ਸਿੱਖਾਂ ਦੁਆਰਾ ਬੰਦੀ ਛੋੜ ਦਿਵਸ ਵਜੋਂ ਜਾਣਿਆ ਜਾਂਦਾ ਹੈ।

ਜੈਨ ਇਸ ਦਿਨ ਨੂੰ ਮਨਾਉਂਦੇ ਹਨ ਕਿਉਂਕਿ ਇਹ ਉਨ੍ਹਾਂ ਦੇ ਸੰਸਥਾਪਕ ਮਹਾਵੀਰ ਦੁਆਰਾ ਮੋਕਸ਼ ਜਾਂ ਮੁਕਤੀ ਦੀ ਪ੍ਰਾਪਤੀ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਇਹ ਦਿਨ ਨੇਵਰ ਬੋਧੀ ਸਮੇਤ ਹੋਰ ਬਹੁਤ ਸਾਰੇ ਭਾਈਚਾਰਿਆਂ ਦੁਆਰਾ ਵੀ ਮਨਾਇਆ ਜਾਂਦਾ ਹੈ, ਇਸ ਤਰ੍ਹਾਂ ਦੇ ਵਿਸ਼ੇਸ਼ ਤਿਉਹਾਰਾਂ ਅਤੇ ਦਿਨਾਂ ਨੂੰ ਮਨਾਉਣ ਲਈ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਇਸ ਜਸ਼ਨ ਨੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਕਰਸ਼ਿਤ ਕੀਤਾ। ਇਸ ਤਿਉਹਾਰ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਸਮੇਤ ਬਹੁਤ ਸਾਰੇ ਨਵੇਂ ਕੈਨੇਡੀਅਨ ਵੀ ਮੌਜੂਦ ਸਨ। RMCS ਸਟਾਫ



ਨੇ ਹਾਜ਼ਰੀਨ ਲਈ ਬਹੁਤ ਹੀ ਮਜ਼ੇਦਾਰ ਮਨੋਰੰਜਨ ਅਤੇ ਸੁਆਦੀ ਭੋਜਨ ਪ੍ਰਦਾਨ ਕਰਨ ਵਿੱਚ ਸ਼ਾਨਦਾਰ ਕੰਮ ਕੀਤਾ। ਸੰਸਾਰ ਵਿੱਚ ਉਥਲ-ਪੁਥਲ ਅਤੇ ਟਕਰਾਅ ਦੇ ਮੌਜੂਦਾ ਮਾਹੌਲ ਵਿੱਚ ਇਸ ਤਰ੍ਹਾਂ ਦੇ ਜਸ਼ਨਾਂ ਦੀ ਮਹੱਤਤਾ ਹੋਰ ਵਧ ਗਈ ਹੈ। ਅਜਿਹੇ ਮੌਕਿਆਂ 'ਤੇ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਅਸੀਂ ਕੈਨੇਡਾ ਵਰਗੇ ਸ਼ਾਂਤਮਈ, ਸੁਆਗਤ ਕਰਨ ਵਾਲੇ ਅਤੇ ਸਮਾਵੇਸ਼ੀ ਦੇਸ਼ ਵਿਚ ਰਹਿਣ ਲਈ ਕਿੰਨੇ ਖੁਸ਼ਕਿਸਮਤ ਹਾਂ।-ਬਲਵੰਤ ਸੰਘੇੜਾ-(ਬਲਵੰਤ ਸੰਘੇੜਾ ਇੱਕ ਸੇਵਾਮੁਕਤ ਸਕੂਲ ਮਨੋਵਿਗਿਆਨੀ ਅਤੇ ਕਮਿਊਨਿਟੀ ਐਕਟੀਵਿਸਟ ਹੈ)

## ਸ਼ੋਕ ਸਮਾਚਾਰ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਗੁਰਮੇਜ ਸਿੰਘ ਪੰਨੂ ਜਿਹਨਾਂ ਦਾ ਜਨਮ ਪਾਕਿਸਤਾਨ ਵਿਚ 1929 ਵਿਚ ਹੋਇਆ ਤੇ 1947 ਤੋਂ ਬਾਦ ਬੰਗਾ ਪੰਜਾਬ ਵਿਚ ਆ ਕੇ ਵਸੇ, 11 ਨਵੰਬਰ ਨੂੰ ਅਕਾਲ ਚਲਾਣਾ ਕਰ ਗਏ ਹਨ।ਆਪ 1987 ਵਿਚ ਕਨੇਡਾ ਆਏ।ਇਹਨਾਂ ਦਾ ਅੰਤਮ ਸਸਕਾਰ 25 ਨਵੰਬਰ ਨੂੰ ਕੀਤਾ ਜਾਵੇਗਾ ਅਤੇ ਸਹਿਜ ਪਾਠ ਦੇ ਭੋਗ ਦੁਪਹਿਰ 2 ਵਜੇ ਖਾਲਸਾ ਦੀਵਾਨ ਸੁਸਾਇਟੀ 8000 ਰੌਸ ਸਟਰੀਟ ਵੈਨਕੂਵਰ ਵਿਖੇ ਪਾਏ ਜਾਣਗੇ।

ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ, ਘੱਲੇ ਆਵੇ ਨਾਨਕਾ ਸਦੇ ਉਠੀ ਜਾਇ।

## ਪਾਠ ਦਾ ਭੋਗ ਅਤੇ ਅੰਤਿਮ ਅਰਦਾਸ



ਸ. ਜੋਗਿੰਦਰ ਸਿੰਘ ਧੰਜੂ

ਉਘੇ ਕਾਰੋਬਾਰੀ ਸ. ਜੋਗਿੰਦਰ ਸਿੰਘ ਧੰਜੂ ਨਵੰਬਰ 14, 2023 ਨੂੰ ਇਸ ਸੰਸਾਰ ਨੂੰ ਅਲਵਿਦਾ ਆਖ ਕੇ ਸਦਾ ਲਈ ਗੁਰੂ ਮਹਾਰਾਜ ਦੇ ਚਰਨਾ ਵਿੱਚ ਜਾ ਬਿਰਾਜੇ ਹਨ। ਉਹ ਲਗਭਗ 93 ਸਾਲ ਦੇ ਸਨ। ਉਹ ਪੰਜਾਬ ਦੇ ਸ਼ਹਿਰ ਕਪੂਰਥਲਾ ਨਾਲ ਸਬੰਧਤ ਸਨ। ਉਹ 1989 ਵਿੱਚ ਵੈਨਕੂਵਰ ਵਿੱਚ ਆਏ ਸਨ। ਬਹੁਤ ਮਿਲਾਪੜੇ ਤੇ ਧਾਰਮਿਕ ਬਿਰਤੀ ਵਾਲੇ ਸ. ਜੋਗਿੰਦਰ ਸਿੰਘ ਨੇ ਆਪਣਾ ਸਾਰਾ ਜੀਵਨ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ ਦੇ ਅਨੁਸਾਰ ਬਤੀਤ ਕੀਤਾ। ਪਰਿਵਾਰ ਵਲੋਂ ਭੇਜੀ ਗਈ ਜਾਣਕਾਰੀ ਮੁਤਾਬਿਕ ਸ. ਜੋਗਿੰਦਰ ਸਿੰਘ ਦੀ ਮ੍ਰਿਤਕ ਦੇਹ ਦਾ

### ਅੰਤਮ ਸੰਸਕਾਰ

25 ਨਵੰਬਰ ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 3:00 ਵਜੇ ਰਿਵਰਸਾਈਡ ਫਿਉਨਰਲ ਹੋਮ ਡੈਲਟਾ ਵਿਖੇ ਕੀਤਾ ਜਾਵੇਗਾ। ਉਪਰੰਤ


### ਭੋਗ ਅਤੇ ਅੰਤਮ ਅਰਦਾਸ

ਖਾਲਸਾ ਦੀਵਾਨ ਸੁਸਾਇਟੀ
ਰੋਸ ਸਟਰੀਟ ਵੈਨਕੂਵਰ ਵਿਖੇ ਹੋਵੇਗੀ।

-: ਪਰਿਵਾਰ ਨਾਲ ਹਮਦਰਦੀ ਅਤੇ ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ :-

ਸੁਖਵਿੰਦਰਪਾਲ ਸਿੰਘ 604-379-5928, ਬਲਦੇਵ ਸਿੰਘ ਧੰਜੂ 604-499-6708
ਕਮਲਦੀਪ ਸਿੰਘ ਧੰਜੂ 780-850-2959, ਜਗੀਰ ਸਿੰਘ ਥਿੰਦ 94171-80084


THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਅਮਰੀਕੀ ਪੱਤਰਕਾਰਾਂ ਨੇ ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਪੱਤਰਕਾਰਾਂ ਦੀ ਹੱਤਿਆ ਦੀ ਨਿੰਦਾ ਕੀਤੀ

ਨਵੀਂ ਦਿੱਲੀ: ਅਮਰੀਕੀ ਪੱਤਰਕਾਰਾਂ ਨੇ 'ਇਸਰਾਈਲ ਵੱਲੋਂ ਗਾਜ਼ਾ ਵਿੱਚ ਪੱਤਰਕਾਰਾਂ ਦੀ ਹੱਤਿਆ' ਖ਼ਿਲਾਫ਼ ਨਿੰਦਾਯੋਗ ਬਿਆਨ ਜਾਰੀ ਕਰਦਿਆਂ ਪੱਛਮੀ ਮੁਲਕਾਂ ਦੇ ਮੀਡੀਆ ਅਦਾਰਿਆਂ (ਨਿਊਜ਼ ਰੂਮ) ਨੂੰ ਫਲਸਤੀਨੀਆਂ ਖ਼ਿਲਾਫ਼ ਇਜ਼ਰਾਈਲ ਦੇ ਅੱਤਿਆਚਾਰਾਂ ਨੂੰ ਕਵਰ ਕਰਨ ਵਿੱਚ 'ਇਮਾਨਦਾਰੀ' ਵਰਤਣ ਦੀ ਅਪੀਲ ਕੀਤੀ ਹੈ।

ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ (ਸੀਪੀਜੇ) ਦੇ ਅਨੁਸਾਰ, ਗਾਜ਼ਾ ਵਿੱਚ ਇਜ਼ਰਾਈਲ ਦੇ ਚੱਲ ਰਹੇ ਯੁੱਧ ਵਿੱਚ ਮਾਰੇ ਗਏ 11,000 ਫਲਸਤੀਨੀਆਂ ਵਿੱਚ 36 ਪੱਤਰਕਾਰ ਸ਼ਾਮਲ ਹਨ। ਮੌਤਾਂ ਤੋਂ ਇਲਾਵਾ, ਬਹੁਤ ਸਾਰੇ ਪੱਤਰਕਾਰ ਜ਼ਖਮੀ ਹੋਏ, ਨਜ਼ਰਬੰਦ ਕੀਤੇ ਗਏ, ਲਾਪਤਾ ਹੋਏ, ਜਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਰਦੇ ਹੋਏ ਦੇਖਿਆ।(ਸੀਪੀਜੇ) ਨੇ ਇਸ ਨੂੰ 1992 ਤੋਂ ਬਾਅਦ 'ਪੱਤਰਕਾਰਾਂ ਲਈ ਸਭ ਤੋਂ ਘਾਤਕ ਸੰਘਰਸ਼' ਦੱਸਿਆ ਹੈ ਜਦੋਂ ਇਸ ਨੇ ਪਹਿਲੀ ਵਾਰ ਅਜਿਹੀਆਂ ਮੌਤਾਂ ਦਾ ਪਤਾ ਲਗਾਉਣਾ ਸ਼ੁਰੂ ਕੀਤਾ ਸੀ।ਇਜ਼ਰਾਈਲ ਅਤੇ ਪੱਛਮੀ ਮੁਲਕਾਂ ਦੇ ਮੀਡੀਆ ਅਦਾਰਿਆਂ ਦੀ ਨਿੰਦਾ ਕਰਦਾ ਬਿਆਨ, ਜੋ ਪਹਿਲੀ ਵਾਰ 6 ਨਵੰਬਰ 2023 ਨੂੰ ਸਹਾਮਣੇਂ ਆਇਆ ਸੀ, ਦੁਨੀਆ ਭਰ ਦੇ ਨਿਊਜ਼ਰੂਮਾਂ ਵਿੱਚ 1,265 ਪੱਤਰਕਾਰਾਂ, ਸੰਪਾਦਕਾਂ, ਫੋਟੋਗ੍ਰਾਫ਼ਰਾਂ, ਨਿਰਮਾਤਾਵਾਂ ਅਤੇ ਹੋਰ ਕਾਰਕੁਨਾਂ ਦੁਆਰਾ ਹਸਤਾਖਰ ਕੀਤੇ ਗਏ ਸਨ।ਬਿਆਨ 'ਚ ਕਿਹਾ ਗਿਆ ਹੈ, 'ਅਸੀਂ ਗਾਜ਼ਾ 'ਚ ਪੱਤਰਕਾਰਾਂ ਵਿਰੁੱਧ ਹਿੰਸਾ ਨੂੰ ਖਤਮ ਕਰਨ ਦੀ ਅਪੀਲ ਕਰਦੇ ਹਾਂ ਅਤੇ ਪੱਛਮੀ ਮੀਡੀਆ ਸੰਗਠਨਾਂ ਦੇ ਨੇਤਾਵਾਂ ਨੂੰ ਫਿਲਸਤੀਨੀਆਂ 'ਤੇ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਦੀ ਕਵਰੇਜ 'ਤੇ ਅੱਖਾਂ ਖੋਹਲਣ ਲਈ ਕਹਿ ਰਹੇ ਹਾਂ।'ਪੱਛਮੀ ਮੀਡੀਆ ਵਿੱਚ ਇਜ਼ਰਾਈਲ ਅਤੇ ਫਲਸਤੀਨ ਦਰਮਿਆਨ ਚੱਲ ਰਹੇ ਯੁੱਧ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਸੰਘਰਸ਼ ਦੀ ਪੱਖਪਾਤੀ ਕਵਰੇਜ ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ 'ਅਸੀਂ ਪੱਛਮੀ ਨਿਊਜ਼ਰੂਮਾਂ ਨੂੰ ਵੀ ਅਣਮਨੁੱਖੀ ਬਿਆਨਬਾਜ਼ੀ ਲਈ ਜ਼ਿੰਮੇਵਾਰ ਠਹਿਰਾਉਂਦੇ ਹਾਂ ਜਿਨ੍ਹਾਂ ਨੇ ਫਲਸਤੀਨੀਆਂ ਦੀ ਨਸਲੀ ਸਫਾਈ ਨੂੰ ਜਾਇਜ਼ ਠਹਿਰਾਇਆ ਹੈ। ਦੋਹਰੇ ਮਾਪਦੰਡ, ਅਸ਼ੁੱਧੀਆਂ ਅਤੇ ਗਲਤ ਧਾਰਨਾਵਾਂ ਅਮਰੀਕੀ ਪ੍ਰਕਾਸ਼ਨਾਂ ਵਿੱਚ ਵੀ ਭਰਪੂਰ ਹਨ ।ਬਿਆਨ ਵਿਚ ਕਿਹਾ ਗਿਆ ਹੈ, 'ਗਾਜ਼ਾ ਪੱਟੀ ਵਿਚ ਫਸੇ ਪੱਤਰਕਾਰ ਵਿਆਪਕ ਬਿਜਲੀ ਕੱਟ, ਭੋਜਨ ਅਤੇ ਪਾਣੀ ਦੀ ਕਮੀ ਅਤੇ ਮੈਡੀਕਲ ਪ੍ਰਣਾਲੀ ਵਿਚ ਖਰਾਬੀ ਤੋਂ ਪੀੜਤ ਹਨ। ਉਨ੍ਹਾਂ ਨੂੰ ਰਾਤ ਸਮੇਂ ਆਪਣੇ ਘਰਾਂ ਵਿੱਚ ਪ੍ਰੈਸ ਦਾ ਕੰਮ ਕਰਦੇ ਹੋਏ ਮਾਰਿਆ ਗਿਆ ਹੈ। "ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੀ ਜਾਂਚ ਵਿੱਚ ਇਹ ਵੀ ਪਾਇਆ ਗਿਆ ਹੈ ਕਿ 13 ਅਕਤੂਬਰ ਨੂੰ ਦੱਖਣੀ ਲੇਬਨਾਨ ਵਿੱਚ ਇਜ਼ਰਾਈਲੀ ਹਮਲਿਆਂ ਦੌਰਾਨ ਪੱਤਰਕਾਰਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਵਿੱਚ ਰਾਇਟਰਜ਼ ਦੇ ਵੀਡੀਓਗ੍ਰਾਫਰ ਇਸਮ ਅਬਦੁੱਲਾ ਦੀ ਮੌਤ ਹੋ ਗਈ ਸੀ ਅਤੇ ਛੇ ਹੋਰ ਪੱਤਰਕਾਰ ਜ਼ਖਮੀ ਹੋਏ ਸਨ।"ਬਿਆਨ ਵਿਚ ਪੱਤਰਕਾਰਾਂ ਦੇ ਪਰਿਵਾਰਾਂ 'ਤੇ ਹਮਲਿਆਂ ਦੀਆਂ ਉਦਾਹਰਣਾਂ ਵੀ ਦਿੱਤੀਆਂ ਗਈਆਂ ਹਨ।ਬਿਆਨ ਵਿੱਚ ਕਿਹਾ ਗਿਆ ਹੈ, "ਇਜ਼ਰਾਈਲ ਨੇ ਵਿਦੇਸ਼ੀ ਪ੍ਰੈਸ ਦੇ ਦਾਖਲੇ 'ਤੇ ਰੋਕ ਲਗਾ ਦਿੱਤੀ ਹੈ, ਦੂਰਸੰਚਾਰ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਹਨ ਅਤੇ ਪ੍ਰੈਸ ਦਫਤਰਾਂ ਨੂੰ ਬੰਬ ਨਾਲ ਉਡਾ ਦਿੱਤਾ ਹੈ। ਪਿਛਲੇ ਮਹੀਨੇ ਗਾਜ਼ਾ 'ਚ ਕਰੀਬ 50 ਮੀਡੀਆ ਹੈੱਡਕੁਆਰਟਰ 'ਤੇ ਹਮਲਾ ਕੀਤਾ ਗਿਆ ਸੀ। ਇਜ਼ਰਾਈਲੀ ਬਲਾਂ ਨੇ ਨਿਊਜ਼ ਰੂਮਾਂ ਨੂੰ ਸਪੱਸ਼ਟ ਤੌਰ 'ਤੇ ਚੇਤਾਵਨੀ ਦਿੱਤੀ ਹੈ ਕਿ ਉਹ ਹਵਾਈ ਹਮਲਿਆਂ ਤੋਂ ਆਪਣੇ ਕਰਮਚਾਰੀਆਂ ਦੀ ਸੁਰੱਖਿਆ ਦੀ ਗਾਰੰਟੀ ਨਹੀਂ ਦੇ ਸਕਦੇ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਦੀਆਂ ਕਾਰਵਾਈਆਂ ਪ੍ਰਗਟਾਵੇ ਦੇ ਵਿਆਪਕ ਦਮਨ ਨੂੰ ਦਰਸਾਉਂਦੀਆਂ ਹਨ।ਬਿਆਨ ਵਿੱਚ ਫਲਸਤੀਨੀ ਪੱਤਰਕਾਰ ਸਿੰਡੀਕੇਟ ਦੁਆਰਾ ਪੱਛਮੀ ਪੱਤਰਕਾਰਾਂ ਨੂੰ ਕੀਤੀ ਗਈ ਬੇਨਤੀ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਉਨ੍ਹਾਂ ਨੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੀ ਨਿੰਦਾ ਕਰਨ ਦੀ ਅਪੀਲ ਕੀਤੀ ਹੈ।ਬਿਆਨ ਵਿੱਚ ਕਿਹਾ ਗਿਆ ਹੈ, "ਅਸੀਂ ਗਾਜ਼ਾ ਵਿੱਚ ਆਪਣੇ ਸਹਿਯੋਗੀਆਂ ਦੇ ਨਾਲ ਖੜੇ ਹਾਂ ਅਤੇ ਕਤਲੇਆਮ ਅਤੇ ਤਬਾਹੀ ਦੇ ਦੌਰਾਨ ਰਿਪੋਰਟਿੰਗ ਵਿੱਚ ਉਨ੍ਹਾਂ ਦੇ ਸਾਹਸੀ ਯਤਨਾਂ ਦੀ ਸ਼ਲਾਘਾ ਕਰਦੇ ਹਾਂ। ਉਨ੍ਹਾਂ ਤੋਂ ਬਿਨਾਂ ਜ਼ਮੀਨ 'ਤੇ ਕਈ ਭਿਆਨਕ ਘਟਨਾਵਾਂ ਸਾਹਮਣੇ ਨਹੀਂ ਆਉਣੀਆਂ ਸਨ।

ਪੱਤਰ ਵਿੱਚ ਕਿਹਾ ਗਿਆ ਹੈ, "ਅਸੀਂ ਪੱਤਰਕਾਰਾਂ ਅਤੇ ਹੋਰ ਨਾਗਰਿਕਾਂ ਵਿਰੁੱਧ ਹਿੰਸਾ ਨੂੰ ਖਤਮ ਕਰਨ ਲਈ ਇਜ਼ਰਾਈਲ ਤੋਂ ਸਪੱਸ਼ਟ ਵਚਨਬੱਧਤਾ ਦੀ ਮੰਗ ਵਿੱਚ ਰਿਪੋਰਟਰਜ਼ ਵਿਦਾਊਟ ਬਾਰਡਰਜ਼, ਅਰਬ ਅਤੇ ਮੱਧ ਪੂਰਬੀ ਪੱਤਰਕਾਰ ਫੈਡਰੇਸ਼ਨ, ਅਤੇ ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ ਸਮੇਤ ਪ੍ਰੈਸ ਯੂਨੀਅਨਾਂ ਦੇ ਨਾਲ ਮਿਲ ਕੇ ਕੰਮ ਕਰਦੇ ਹਾਂ।"ਗਾਜ਼ਾ ਵਿੱਚ ਪੱਤਰਕਾਰਾਂ ਦੀ ਸੁਰੱਖਿਆ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ।

ਬਿਆਨ 'ਚ ਕਿਹਾ ਗਿਆ ਹੈ ਕਿ ਅਮਰੀਕੀ ਮੀਡੀਆ ਇਜ਼ਰਾਈਲ ਵੱਲੋਂ ਫਲਸਤੀਨੀਆਂ 'ਤੇ ਕੀਤੇ ਜਾਂਦੇ ਜ਼ੁਲਮ ਨੂੰ ਨਜ਼ਰਅੰਦਾਜ਼ ਕਰਦਾ ਹੈ। ਇਸ ਵਿਚ ਕਿਹਾ ਗਿਆ ਹੈ, '2021 ਵਿਚ ਵੀ, 500 ਤੋਂ ਵੱਧ ਪੱਤਰਕਾਰਾਂ ਨੇ



ਇਕ ਖੁੱਲ੍ਹੇ ਪੱਤਰ 'ਤੇ ਦਸਤਖਤ ਕੀਤੇ ਸਨ ਜਿਸ ਵਿਚ ਚਿੰਤਾ ਪ੍ਰਗਟ ਕੀਤੀ ਗਈ ਸੀ ਕਿ ਅਮਰੀਕੀ ਮੀਡੀਆ ਆਊਟਲੇਟ ਇਜ਼ਰਾਈਲ ਵੱਲੋਂ ਫਲਸਤੀਨੀਆਂ 'ਤੇ ਕੀਤੇ ਜਾਂਦੇ ਜ਼ੁਲਮ ਨੂੰ ਨਜ਼ਰਅੰਦਾਜ਼ ਕਰਦੇ ਹਨ। ਫਿਰ ਵੀ ਨਿਰਪੱਖ ਕਵਰੇਜ ਲਈ ਕਾਲ ਦਾ ਜਵਾਬ ਨਹੀਂ ਦਿੱਤਾ ਗਿਆ ਹੈ।ਬਿਆਨ ਵਿੱਚ ਅੱਗੇ ਕਿਹਾ ਗਿਆ ਹੈ, 'ਇਸਦੀ ਬਜਾਏ, ਅਮਰੀਕੀ ਨਿਊਜ਼ ਰੂਮਾਂ ਨੇ ਫਲਸਤੀਨੀ, ਅਰਬ ਅਤੇ ਮੁਸਲਿਮ ਦ੍ਰਿਸ਼ਟੀਕੋਣਾਂ ਨੂੰ ਕਮਜ਼ੋਰ ਕੀਤਾ ਹੈ, ਉਨ੍ਹਾਂ ਨੂੰ ਅਵਿਸ਼ਵਾਸਯੋਗ ਕਰਾਰ ਦਿੱਤਾ ਹੈ, ਅਤੇ ਭੜਕਾਊ ਭਾਸ਼ਾ ਦੀ ਵਰਤੋਂ ਕੀਤੀ ਹੈ ਜੋ ਇਸਲਾਮੋਫੋਬਿਕ ਅਤੇ ਨਸਲਵਾਦੀ ਭਾਵਨਾਵਾਂ ਨੂੰ ਮਜ਼ਬੂਤ ਕਰਦੀ ਹੈ। "ਉਨ੍ਹਾਂ ਨੇ ਇਜ਼ਰਾਈਲੀ ਅਧਿਕਾਰੀਆਂ ਦੁਆਰਾ ਫੈਲਾਈ ਗਈ ਗਲਤ ਜਾਣਕਾਰੀ ਪ੍ਰਕਾਸ਼ਿਤ ਕੀਤੀ ਹੈ ਅਤੇ ਅਮਰੀਕੀ ਸਰਕਾਰ ਦੇ ਸਮਰਥਨ ਨਾਲ ਗਾਜ਼ਾ ਵਿੱਚ ਨਾਗਰਿਕਾਂ ਦੀ ਅੰਨ੍ਹੇਵਾਹ ਹੱਤਿਆ ਦੀ ਜਾਂਚ ਕਰਨ ਵਿੱਚ ਅਸਫਲ ਰਹੇ ਹਨ।






# FRASERVIEW MEATS

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com

# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



**Karnail Singh Rai**
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1550
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# LANGLEY BANQUET HALL



ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ

## ਲੈਂਗਲੀ ਬੈਂਕੁਇਟ ਹਾਲ

ਬੁੱਕ ਕਰੋ।

- Wedding
- Corporate Events
- Private Dinner
- Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal

**604-537-9759**

info@langleybanquethall.com

3227 264 St UNIT #6, Aldergrove, BC V4W 2X3

# ਇੰਡੋ-ਕੈਨੇਡਾ ਟਰੈਵਲ ਏਜੰਸੀ

# INDO CANADA TRAVEL AGENCY



## ਘੱਟ ਕਿਰਾਇਆ - ਸਹੀ ਸਲਾਹ

*Best Airfares with Quality Assistance*

ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ

+1 604 388 9696 , 604 503 8011

**#217-8028-128St, Surrey, BC**
(Little India Plaza) (Second Floor)

# .Ck Auto.

SALE
**BUY 4 TIRES & GET ALLIGNMENT AT 1/2 PRICE**
**FLAT TYRE REPAIR FREE**

NEW




**40% off**

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

## CK AUTO SERVICES LTD.

**Clearance Sale**
*Limited Quantity

**On All Seasons & Winter Tires**
(Auplus & Comforser)




**215/70R16**
**COMFORSER**
Reg: ~~$155.00~~
Now : $70.00



**235/65R17**
**COMFORSER**
Reg: ~~$220.00~~
Now : $95.00



**245/65R17**
**COMFORSER**
Reg: ~~$240.00~~
Now : $100.00



**215/70R15**
**GOOD YEAR INTEGRITY**
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey